ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ.ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 25 ਜੁਲਾਈ 2025 (ਨਾਨਕਸ਼ਾਹੀ ਸੰਮਤ : ੫੫੭, ੯ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

# ਹਿਮਾਚਲ 'ਚ ਵੱਡਾ ਹਾਦਸਾ

## 150 ਮੀਟਰ ਖੱਡ 'ਚ ਡਿੱਗੀ ਸਵਾਰੀਆਂ ਨਾਲ ਬੱਸ, 4 ਮੌਤਾਂ, ਕਈ ਜ਼ਖ਼ਮੀ

**ਬਿਲਾਸਪੁਰ, 24 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਹਿਮਾਚਲ ਪ੍ਰਦੇਸ਼ ਵਿੱਚ ਇੱਕ ਵਾਰ ਫਿਰ ਇੱਕ ਵੱਡਾ ਸੜਕ ਹਾਦਸਾ ਵਾਪਰਿਆ ਹੈ। ਮੰਡੀ ਜ਼ਿਲ੍ਹੇ ਦੇ ਸਰਕਾਘਾਟ ਵਿੱਚ ਇੱਕ HRTC ਬੱਸ ਖੱਡ ਵਿੱਚ ਡਿੱਗ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਹਾਦਸਾ ਕਾਫ਼ੀ ਵੱਡਾ ਹੈ। ਫਿਲਹਾਲ ਡੀਐਸਪੀ ਸੰਜੀਵ ਗੌਤਮ ਸਰਕਾਘਾਟ ਮੌਕੇ ਲਈ ਰਵਾਨਾ ਹੋ ਗਏ ਹਨ। ਉਨ੍ਹਾਂ ਨੇ ਹਾਦਸੇ ਦੀ ਪੁਸ਼ਟੀ ਕੀਤੀ ਹੈ ਅਤੇ ਕਿਹਾ ਹੈ ਕਿ ਬੱਸ ਵਿੱਚ 20 ਤੋਂ 25 ਲੋਕ ਸਵਾਰ ਸਨ। ਹਾਦਸੇ ਦੇ 17 ਜ਼ਖਮੀਆਂ ਨੂੰ ਸਰਕਾਘਾਟ ਵਿੱਚ ਦਾਖਲ ਕਰਵਾਇਆ ਗਿਆ ਹੈ। ਦੂਜੇ ਪਾਸੇ, ਹਾਦਸੇ ਵਿੱਚ ਇੱਕ 16 ਸਾਲਾ ਨੌਜਵਾਨ ਸਮੇਤ 4 ਲੋਕਾਂ ਦੀ ਮੌਤ ਹੋ ਗਈ ਹੈ, ਦੋ ਹੋਰ ਔਰਤਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਡੀਐਸਪੀ ਸਰਕਾਘਾਟ ਨੇ ਇੱਕ ਮੌਤ ਦੀ ਪੁਸ਼ਟੀ ਕੀਤੀ ਹੈ। ਬੱਸ, ਜਮਨੀ ਤੋਂ ਸਰਕਾਘਾਟ ਜਾ ਰਹੀ ਸੀ। ਜਾਣਕਾਰੀ ਅਨੁਸਾਰ ਇਹ ਹਾਦਸਾ ਮੰਡੀ ਜ਼ਿਲ੍ਹੇ ਦੇ ਸਰਕਾਘਾਟ ਦੇ ਮਸਰੇਨ ਨੇੜੇ ਵਾਪਰਿਆ ਹੈ। ਸਵੇਰੇ ਲਗਭਗ 9:50 ਵਜੇ, ਬੱਸ ਮਸਰੇਨ ਤੋਂ ਤਿੰਨ ਕਿਲੋਮੀਟਰ ਪਹਿਲਾਂ, ਤਰੰਗਲਾ ਪਿੰਡ ਵਿੱਚ ਇੱਕ ਮੋੜ ਤੋਂ ਖੱਡ ਵਿੱਚ ਡਿੱਗ ਗਈ। ਤਰੰਗਲਾ ਦੀ ਇੱਕ ਔਰਤ ਮਧੂ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਅੱਜ ਸਵੇਰੇ ਸਾਡੇ ਘਰ ਦੇ ਨੇੜੇ ਇੱਕ ਬੱਸ ਖੱਡ ਵਿੱਚ ਡਿੱਗ ਗਈ ਹੈ। ਹਾਲਾਂਕਿ, ਉਸਨੇ ਇਹ ਨਹੀਂ ਦੱਸਿਆ ਕਿ ਹਾਦਸੇ ਵਿੱਚ ਕਿੰਨੇ ਲੋਕ ਜ਼ਖਮੀ ਹੋਏ ਹਨ। ਸ਼ੁਰੂਆਤੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਬੱਸ, ਸਰਕਾਘਾਟ-ਜਮਨੀ ਦੁਰਗਾਪੁਰ ਰੂਟ 'ਤੇ ਜਾ ਰਹੀ ਸੀ ਅਤੇ ਮਸੇਰਾਨ ਨੇੜੇ ਤਰਗਾਨਾ ਵਿੱਚ ਹਾਦਸੇ ਦਾ ਸ਼ਿਕਾਰ ਹੋ ਗਈ। ਬੱਸ ਹਾਦਸੇ ਦੀ ਤਸਵੀਰ ਵੀ ਸਾਹਮਣੇ ਆਈ ਹੈ ਅਤੇ ਇਹ ਬੱਸ ਲਗਭਗ 150 ਮੀਟਰ ਹੇਠਾਂ ਡਿੱਗ ਗਈ ਹੈ ਅਤੇ ਫਿਰ ਖੇਤਾਂ ਵਿੱਚ ਫਸ ਗਈ ਹੈ। ਜ਼ਖਮੀਆਂ ਨੂੰ ਸਰਕਾਘਾਟ ਸਿਵਲ ਹਸਪਤਾਲ ਲਿਜਾਇਆ ਗਿਆ ਹੈ। ਤਹਿਸੀਲ ਦੇ ਐਸਡੀਐਮ ਸਵਾਤੀ ਡੋਗਰਾ ਅਤੇ ਸਥਾਨਕ ਵਿਧਾਇਕ ਦਿਲੀਪ ਠਾਕੁਰ ਮੌਕੇ 'ਤੇ ਹਸਪਤਾਲ ਪਹੁੰਚ ਗਏ ਹਨ। ਘਟਨਾ ਦੀ ਸੂਚਨਾ ਮਿਲਦੇ ਹੀ ਲੋਕ ਮੌਕੇ 'ਤੇ ਪਹੁੰਚੇ ਅਤੇ ਲੋਕਾਂ ਨੂੰ ਬਚਾਇਆ। ਲੋਕਾਂ ਨੇ ਐਂਬੂਲੈਂਸ ਨੂੰ ਸੂਚਿਤ ਕੀਤਾ।






## ਡਿਜੀਟਲ ਅਰੈਸਟ ਕਰਕੇ ਇੱਕ ਵਿਅਕਤੀ ਤੋਂ ਠੱਗੇ 30 ਲੱਖ ਰੁਪਏ, ਆਰੋਪੀ ਕੇਰਲ ਤੋਂ ਗ੍ਰਿਫ਼ਤਾਰ

**ਮਾਛੀਵਾੜਾ ਸਾਹਿਬ, 24 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਸਾਈਬਰ ਕ੍ਰਾਈਮ ਦੇ ਦਰਜ ਹੋਏ ਮਾਮਲੇ ਵਿੱਚ 30 ਲੱਖ ਦੀ ਠੱਗੀ ਮਾਰਨ ਦੇ ਆਰੋਪ ਵਿੱਚ ਸਾਈਬਰ ਕ੍ਰਾਈਮ ਪੁਲਿਸ ਵੱਲੋਂ ਕੇਰਲਾ ਦੇ ਮਾਲਾਪੁਰਮ ਤੋਂ ਮਾਸਟਰ ਮਾਇੰਡ ਆਰੋਪੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਦੋਂਕਿ ਇਸ ਮਾਮਲੇ ਵਿੱਚ 8 ਆਰੋਪੀਆਂ ਨੂੰ ਨਾਮਜਦ ਕੀਤਾ ਗਿਆ ਹੈ, ਜਿਨਾਂ ਵਿੱਚੋਂ ਚਾਰ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਜਦੋਂਕਿ ਤਿੰਨ ਅਜੇ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ। ਦੱਸ ਦਈਏ ਕਿ ਇਹ ਗੈਂਗ ਇੰਡੀਆ ਦੇ ਵੱਖ-ਵੱਖ ਰਾਜਾਂ ਨਾਲ ਸਬੰਧਤ ਹੈ, ਜੋ ਭੋਲੇ ਭਾਲੇ ਲੋਕਾਂ ਨੂੰ ਡਿਜੀਟਲ ਅਰੈਸਟ ਦਾ ਡਰਾਵਾ ਦੇ ਕੇ ਠੱਗੀ ਦਾ ਸ਼ਿਕਾਰ ਬਣਾਉਂਦੇ ਹਨ। ਜ਼ਿਲ੍ਹਾ ਪੁਲਿਸ ਮੁਖੀ ਫਤਿਹਗੜ੍ਹ ਸਾਹਿਬ ਸ਼ੁਭਮ ਅਗਰਵਾਲ ਨੇ ਪ੍ਰੈਸ ਕਾਨਫਰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਇਨ੍ਹਾਂ ਕਥਿਤ ਆਰੋਪੀਆਂ ਨੇ ਜ਼ਿਲਾ ਫਤਹਿਗੜ੍ਹ ਸਾਹਿਬ ਦੇ ਪਿੰਡ ਲੁਹਾਰੀ ਕਲਾਂ ਦੇ ਨਿਵਾਸੀ ਹਰਪਾਲ ਸਿੰਘ ਚੀਮਾ ਨੂੰ ਆਪਣਾ ਸ਼ਿਕਾਰ ਬਣਾਉਂਦਿਆਂ ਕਿਹਾ ਕਿ ਉਹ ਕਿਸੇ ਟੈਰਰਿਜਮ ਤੇ ਕੇਸ ਵਿੱਚ ਮੁੰਬਈ ਵਿਖੇ ਫਸਾ ਦੇਣਗੇ ਤੇ ਜੇਕਰ ਉਹ ਇਸ ਕੇਸ ਤੋਂ ਬਚਣਾ ਚਾਹੁੰਦੇ ਹਨ ਤਾਂ ਪੈਸੇ ਦਿੱਤੇ ਜਾਣ ਤੇ ਡਰ ਕੇ ਉਹਨਾਂ ਵੱਲੋਂ 30 ਲੱਖ ਰੁਪਏ ਇਹਨਾਂ ਦੇ ਖਾਤੇ ਵਿੱਚ ਪਾ ਦਿੱਤੇ ਗਏ ਸਨ। ਉਹਨਾਂ ਕਿਹਾ ਕਿ ਸਭ ਤੋਂ ਪਹਿਲਾਂ ਰਾਜਾ ਟੈਂਟ ਵਾਲੇ ਨਾਮਕ ਵਿਅਕਤੀ ਦੇ ਖਾਤੇ ਵਿੱਚ ਪੈਸੇ ਹਰਪਾਲ ਸਿੰਘ ਚੀਮਾ ਵੱਲੋਂ ਪਾ ਦਿੱਤੇ ਗਏ ਸਨ ਤੇ ਉਸ ਤੋਂ ਬਾਅਦ ਅੱਗੇ ਹੋਰ ਟਰਾਂਜੈਕਸ਼ਨਾਂ ਹੋਈਅ ।

## ਥਾਈਲੈਂਡ ਤੇ ਕੰਬੋਡੀਆ ਵਿਚਾਲੇ ਵੀ ਛਿੜੀ ਜੰਗ, ਗੋਲੀਬਾਰੀ ਤੋਂ ਬਾਅਦ ਰਾਕੇਟ ਹਮਲਾ

**ਨਵੀਂ ਦਿੱਲੀ, 24 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਥਾਈਲੈਂਡ ਅਤੇ ਕੰਬੋਡੀਆ ਵਿਚਕਾਰ ਸਰਹੱਦੀ ਵਿਵਾਦ ਨੇ ਵੀਰਵਾਰ ਨੂੰ ਖ਼ਤਰਨਾਕ ਮੋੜ ਲੈ ਲਿਆ ਅਤੇ ਦੋਵਾਂ ਦੇਸ਼ਾਂ ਦੇ ਸੈਨਿਕਾਂ ਨੇ ਇੱਕ ਦੂਜੇ 'ਤੇ ਗੋਲੀਬਾਰੀ ਕੀਤੀ। ਕੰਬੋਡੀਆ ਨੇ ਕਿਹਾ ਹੈ ਕਿ ਦੋਵਾਂ ਦੇਸ਼ਾਂ ਵਿਚਕਾਰ ਤਾਜ਼ਾ ਸਰਹੱਦੀ ਝੜਪਾਂ ਵਿੱਚ ਗੋਲੀਬਾਰੀ ਹੋਈ ਹੈ। ਦੋਵੇਂ ਦੇਸ਼ ਹੁਣ ਇੱਕ ਦੂਜੇ 'ਤੇ ਪਹਿਲਾਂ ਗੋਲੀਬਾਰੀ ਕਰਨ ਦਾ ਦੋਸ਼ ਲਗਾ ਰਹੇ ਹਨ। ਥਾਈ ਫੌਜ ਨੇ ਕਿਹਾ ਕਿ ਕੰਬੋਡੀਅਨ ਸੈਨਿਕਾਂ ਨੇ ਖਮੇਰ ਮੰਦਰ ਤਾ ਮੁਏਨ ਥੋਮ ਦੇ ਨੇੜੇ ਗੋਲੀਬਾਰੀ ਕੀਤੀ। ਇਸ ਖੇਤਰ ਵਿੱਚ ਦੋਵਾਂ ਦੇਸ਼ਾਂ ਦੇ ਸੈਨਿਕਾਂ ਵਿਚਕਾਰ ਹਾਲ ਹੀ ਦੇ ਹਫ਼ਤਿਆਂ ਵਿੱਚ ਤਣਾਅ ਕਾਫ਼ੀ ਵਧਿਆ ਹੈ। ਹਾਲਾਂਕਿ, ਕੰਬੋਡੀਆ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਥਾਈ ਸੈਨਿਕਾਂ ਨੇ ਪਹਿਲਾਂ ਗੋਲੀਬਾਰੀ ਕੀਤੀ, ਜਿਸ ਤੋਂ ਬਾਅਦ ਉਸਦੇ ਸੈਨਿਕਾਂ ਨੇ ਸਵੈ-ਰੱਖਿਆ ਵਿੱਚ ਜਵਾਬੀ ਕਾਰਵਾਈ ਕੀਤੀ। ਥਾਈ ਫੌਜ ਨੇ ਕਿਹਾ ਕਿ ਕੰਬੋਡੀਆ ਨੇ ਭਾਰੀ ਹਥਿਆਰਬੰਦ ਸੈਨਿਕਾਂ ਨੂੰ ਤਾਇਨਾਤ ਕਰਨ ਤੋਂ ਪਹਿਲਾਂ ਖੇਤਰ ਵਿੱਚ ਇੱਕ ਨਿਗਰਾਨੀ ਡਰੋਨ ਭੇਜਿਆ ਸੀ। ਉਸਨੇ ਕਿਹਾ ਕਿ ਗੋਲੀਬਾਰੀ ਵਿੱਚ ਘੱਟੋ-ਘੱਟ ਦੋ ਥਾਈ ਸੈਨਿਕ ਜ਼ਖਮੀ ਹੋ ਗਏ। ਫੌਜ ਦਾ ਕਹਿਣਾ ਹੈ ਕਿ ਕੰਬੋਡੀਅਨ ਗੋਲੀਬਾਰੀ ਵਿੱਚ ਘੱਟੋ-ਘੱਟ ਨੌਂ ਨਾਗਰਿਕ ਮਾਰੇ ਗਏ ਹਨ ਅਤੇ 14 ਹੋਰ ਜ਼ਖਮੀ ਹੋ ਗਏ ਹਨ। ਕੰਬੋਡੀਅਨ ਰਾਕੇਟ ਹਮਲੇ ਨਾਲ ਸਬੰਧਤ ਦੋ ਵੱਖ-ਵੱਖ ਘਟਨਾਵਾਂ ਵਿੱਚ ਚਾਰ ਨਾਗਰਿਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ। ਇਹ ਰਾਕੇਟ ਹਮਲੇ ਵੀਰਵਾਰ ਸਵੇਰੇ ਦੋ ਥਾਈ ਸੂਬਿਆਂ ਵਿੱਚ ਹੋਏ। ਕੰਬੋਡੀਆ ਤੋਂ ਦਾਗੇ ਗਏ ਰਾਕੇਟ ਸੂਰੀਨ ਪ੍ਰਾਂਤ ਦੇ ਕਾਪ ਚੋਏਂਗ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਡਿੱਗਣ ਨਾਲ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖਮੀ ਹੋ ਗਏ। ਇਹ ਲੋਕ 40,000 ਲੋਕਾਂ ਦੇ ਸਮੂਹ ਦਾ ਹਿੱਸਾ ਸਨ ਜੋ ਐਮਰਜੈਂਸੀ ਨਿਕਾਸੀ ਦੀ ਉਡੀਕ ਕਰ ਰਹੇ ਸਨ। ਜ਼ਿਲ੍ਹਾ ਮੁਖੀ ਸੁਥੀਰੋਜ ਚਾਰੋਏਂਥਾਨਾਸਕ ਨੇ ਪੁਸ਼ਟੀ ਕੀਤੀ ਕਿ ਪਿੰਡ 'ਤੇ ਸਵੇਰੇ 9.40 ਵਜੇ ਦੋ ਰਾਕੇਟ ਡਿੱਗੇ ਜਦੋਂ ਵਸਨੀਕ ਨਿਕਾਸੀ ਦੀ ਉਡੀਕ ਕਰ ਰਹੇ ਸਨ। ਚਾਰ ਲੋਕ ਜ਼ਖਮੀ ਹੋ ਗਏ, ਜਿਨ੍ਹਾਂ ਵਿੱਚੋਂ ਦੋ ਦੀ ਬਾਅਦ ਵਿੱਚ ਹਸਪਤਾਲ ਵਿੱਚ ਮੌਤ ਹੋ ਗਈ। ਮ੍ਰਿਤਕਾਂ ਵਿੱਚ ਇੱਕ 12 ਸਾਲ ਦਾ ਬੱਚਾ ਅਤੇ ਇੱਕ ਨੌਜਵਾਨ ਸ਼ਾਮਲ ਹੈ।

## ਡਰੱਗਸ ਮਾਮਲੇ 'ਚ ਕਸੁੱਤੇ ਫਸੇ ਮਜੀਠੀਆ, ਮੋਬਾਈਲ 'ਚ ਮਿਲਿਆ ਖੰਨਾ ਨਿਵਾਸੀ ਦਾ ਸਿੰਮ, ਗ੍ਰਿਫ਼ਤਾਰੀ ਤੋਂ ਬਾਅਦ ਭੱਜਿਆ ਕੈਨੇਡਾ



**ਚੰਡੀਗੜ੍ਹ, 24 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਮਜੀਠੀਆ ਦੀਆਂ ਮੁਸ਼ਕਲਾਂ ਦਿਨੋਂ-ਦਿਨ ਘਟਣ ਦੀ ਥਾਂ ਵਧਦੀਆਂ ਜਾ ਰਹੀਆਂ ਹਨ। ਦੱਸ ਦਈਏ ਕਿ ਬਿਕਰਮ ਮਜੀਠੀਆ ਡਰੱਗ ਕੇਸ ਵਿੱਚ ਹੁਣ ਨਵਾਂ ਹੀ ਤੱਥ ਸਾਹਮਣੇ ਆਇਆ ਹੈ। ਮਜੀਠੀਆ ਤੋਂ ਇੱਕ ਮੋਬਾਈਲ ਬਰਾਮਦ ਹੋਇਆ, ਜਿਸ ਵਿੱਚ ਖੰਨਾ ਦੇ ਰਹਿਣ ਵਾਲੇ ਜਸਮੀਤ ਸਿੰਘ ਦਾ ਸਿੰਮ ਨਿਕਲਿਆ ਹੈ। ਜਿਸ ਤੋਂ ਬਾਅਦ ਮਜੀਠੀਆ ਹੋਰ ਸਵਾਲਾਂ ਦੇ ਘੇਰੇ ਵਿੱਚ ਫਸਦੇ ਨਜ਼ਰ ਆ ਰਹੇ ਹਨ। ਜਸਮੀਤ ਸਿੰਘ ਨੇ ਇਹ ਸਿਮ ਕਾਰਡ 2021 ਵਿੱਚ ਖਰੀਦਿਆ ਸੀ। ਉਹ ਉਸ ਸਮੇਂ ਖੰਨਾ ਬੱਸ ਸਟੈਂਡ 'ਤੇ ਇੱਕ ਨਿੱਜੀ ਟਰਾਂਸਪੋਰਟ ਕੰਪਨੀ ਵਿੱਚ ਕੰਮ ਕਰਦਾ ਸੀ। ਜਸਮੀਤ ਦਾ ਪਰਿਵਾਰ ਮੂਲ ਰੂਪ ਵਿੱਚ ਫਤਿਹਗੜ੍ਹ ਸਾਹਿਬ ਦਾ ਰਹਿਣ ਵਾਲਾ ਹੈ। ਉਹ ਕੁਝ ਸਮਾਂ ਪਹਿਲਾਂ ਹੀ ਖੰਨਾ ਵਿੱਚ ਕਿਰਾਏ ਦੇ ਮਕਾਨ 'ਤੇ ਰਹਿਣ ਲੱਗ ਪਿਆ ਸੀ। ਜਾਂਚ ਏਜੰਸੀਆਂ ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਜਸਮੀਤ ਦਾ ਸਿਮ ਕਾਰਡ ਮਜੀਠੀਆ ਤੱਕ ਕਿਵੇਂ ਪਹੁੰਚਿਆ। ਮੋਹਾਲੀ ਵਿਜੀਲੈਂਸ ਦੀ ਇੱਕ ਟੀਮ ਜਸਮੀਤ ਦੇ ਖੰਨਾ ਸਥਿਤ ਘਰ ਪਹੁੰਚੀ। ਟੀਮ ਨੇ ਉਸਦੇ ਪਰਿਵਾਰ ਤੋਂ ਪੁੱਛਗਿੱਛ ਕੀਤੀ। ਖੰਨਾ ਅਤੇ ਫਤਿਹਗੜ੍ਹ ਸਾਹਿਬ ਪੁਲਿਸ ਨੇ ਵੀ ਜਾਂਚ ਕੀਤੀ। ਉੱਥੇ ਹੀ ਇਸ ਮਾਮਲੇ ਵਿੱਚ ਇੱਕ ਹੋਰ ਗੱਲ ਸਾਹਮਣੇ ਆਈ ਹੈ ਕਿ ਜਸਮੀਤ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਤੋਂ ਬਾਅਦ ਹੀ ਕੈਨੇਡਾ ਚਲਾ ਗਿਆ। ਉਸ ਦੇ ਕੈਨੇਡਾ ਜਾਣ 'ਤੇ ਵੀ ਕਿਤੇ ਨਾ ਕਿਤੇ ਸ਼ੱਕ ਜਤਾਇਆ ਜਾ ਰਿਹਾ ਹੈ। ਜਾਣਕਾਰੀ ਮੁਤਾਬਕ ਜਸਮੀਤ ਕੋਰੋਨਾ ਵੇਲੇ ਇੱਕ ਟਰਾਂਸਪੋਰਟ ਕੰਪਨੀ ਵਿੱਚ ਡਿਪੂ ਇੰਚਾਰਜ ਸੀ। ਉਹ ਦੂਜੇ ਰਾਜਾਂ ਤੋਂ ਲੋਕਾਂ ਨੂੰ ਬੱਸਾਂ ਰਾਹੀਂ ਭੇਜਣ ਦਾ ਕੰਮ ਕਰਦਾ ਸੀ। ਏਜੰਸੀਆਂ ਇਸ ਗੱਲ ਦੀ ਵੀ ਜਾਂਚ ਕਰ ਰਹੀਆਂ ਹਨ ਕਿ ਕੀ ਦਸਤਾਵੇਜ਼ਾਂ ਦੀ ਦੁਰਵਰਤੋਂ ਕੀਤੀ ਗਈ ਸੀ। ਜਸਮੀਤ ਦਾ ਪਰਿਵਾਰ ਮੀਡੀਆ ਨਾਲ ਗੱਲ ਕਰਨ ਤੋਂ ਬਚ ਰਿਹਾ ਹੈ।

## ਪੰਜਾਬ ਲਈ ਵੱਡੇ ਖ਼ਤਰੇ ਦੀ ਘੰਟੀ, ਹੈਰਾਨ ਕਰ ਦੇਣ ਵਾਲੀ ਰਿਪੋਰਟ ਆਈ ਸਾਹਮਣੇ

**ਚੰਡੀਗੜ੍ਹ, 24 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਸਕੂਲੀ ਬੱਚਿਆਂ ਨੂੰ ਲੈ ਕੇ ਹੈਰਾਨ ਕਰ ਦੇਣ ਵਾਲੀ ਰਿਪੋਰਟ ਸਾਹਮਣੇ ਆਈ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਨੌਵੀਂ ਅਤੇ ਦਸਵੀਂ ਜਮਾਤ ਦੇ ਬੱਚੇ ਵਿਚਾਲੇ ਹੀ ਪੜ੍ਹਾਈ ਛੱਡ ਰਹੇ ਹਨ। ਸੈਕੰਡਰੀ ਪੱਧਰ 'ਤੇ ਹੁਣ ਵੀ ਡਰੌਪ ਆਊਟ ਰੇਟ (ਸਕੂਲ ਛੱਡਣ ਦੀ ਦਰ) ਛੇ ਫ਼ੀਸਦੀ ਹੈ, ਇਹ ਕੇਂਦਰ ਦੇ ਨਾਲ ਹੀ ਸੂਬਾ ਸਰਕਾਰ ਲਈ ਵੀ ਚਿੰਤਾ ਦਾ ਵਿਸ਼ਾ ਹੈ। ਸਕੂਲਾਂ ਦੇ ਪ੍ਰਾਇਮਰੀ ਅਤੇ ਉੱਚ ਪ੍ਰਾਇਮਰੀ ਪੱਧਰ 'ਤੇ ਪਹਿਲਾਂ ਨਾਲੋਂ ਸੁਧਾਰ ਹੈ ਪਰ ਸੈਕੰਡਰੀ ਪੱਧਰ ਦੇ ਸਕੂਲਾਂ 'ਤੇ ਸਰਕਾਰ ਨੂੰ ਉਮੀਦ ਅਨੁਸਾਰ ਨਤੀਜੇ ਨਹੀਂ ਮਿਲੇ ਹਨ। ਸਿੱਖਿਆ ਮੰਤਰਾਲੇ ਨੇ ਇਸ ਸੰਬੰਧੀ ਲੋਕ ਸਭਾ 'ਚ ਰਿਪੋਰਟ ਪੇਸ਼ ਕੀਤੀ ਹੈ। ਜਿਸ ਰਾਹੀਂ ਇਹ ਖੁਲਾਸਾ ਹੋਇਆ। ਰਿਪੋਰਟ ਅਨੁਸਾਰ ਸੈਕੰਡਰੀ ਸਕੂਲ ਲੈਵਲ ਦੇ ਵਿਦਿਆਰਥੀ ਪੜ੍ਹਾਈ ਪੂਰੀ ਕਰਨ ਤੋਂ ਪਹਿਲਾਂ ਹੀ ਛੱਡ ਰਹੇ ਹਨ, ਇਹ ਸਰਕਾਰ ਲਈ ਵੱਡੀ ਚੁਣੌਤੀ ਹੈ। ਦਸਵੀਂ ਤੋਂ ਹੀ ਵਿਦਿਆਰਥੀ ਆਪਣੇ ਭਵਿੱਖ ਦੀ ਵਿੱਦਿਅਕ ਯੋਜਨਾ ਬਾਰੇ ਸੋਚਣਾ ਸ਼ੁਰੂ ਕਰ ਦਿੰਦੇ ਹਨ। ਸਾਲ 2023-24 'ਚ ਸਕੂਲਾਂ ਦੇ ਸੈਕੰਡਰੀ ਪੱਧਰ 'ਤੇ ਡਰੌਪ ਰੇਟ (ਸਕੂਲ ਛੱਡਣ ਦੀ ਦਰ) 6 ਫ਼ੀਸਦੀ ਦਰਜ ਕੀਤਾ ਗਿਆ ਹੈ। ਸਾਲ 2022-23 'ਚ ਇਹ 9.7 ਫ਼ੀਸਦੀ ਦਰਜ ਕੀਤਾ ਗਿਆ ਸੀ। ਇਸ ਤਰ੍ਹਾਂ ਇਕ ਸਾਲ ਦੇ ਅੰਦਰ ਡਰੌਪ ਆਊਟ ਰੇਟ ਘਟੇ ਜ਼ਰੂਰ ਹਨ ਪਰ ਅਜੇ ਵੀ ਸਥਿਤੀ ਤਸੱਲੀਬਖਸ਼ ਨਹੀਂ ਹੈ। ਸਿੱਖਿਆ ਮੰਤਰਾਲੇ ਨੇ ਰਿਪੋਰਟ 'ਚ ਦੱਸਿਆ ਕਿ ਡਰੌਪ ਆਊਟ ਰੇਟ 'ਚ ਸੁਧਾਰ ਕਰਨ ਲਈ ਸੂਬਿਆਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਨੂੰ ਖ਼ਾਸ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਨਾਲ ਹੀ ਬੱਚਿਆਂ ਦੇ ਮੁਫ਼ਤ ਤੇ ਜ਼ਰੂਰੀ ਸਿੱਖਿਆ ਐਕਟ 2009 ਦੇ ਤਹਿਤ 6 ਤੋਂ 12 ਸਾਲ ਦੇ ਹਰ ਬੱਚੇ ਨੂੰ ਸਕੂਲ 'ਚ ਮੁਫ਼ਤ ਸਿੱਖਿਆ ਦਾ ਅਧਿਕਾਰ ਹੈ। ਸਕੂਲ ਛੱਡਣ ਦੀ ਦਰ ਨੂੰ ਘੱਟ ਕਰਨ ਲਈ ਸਰਕਾਰ ਦੇ ਸਾਹਮਣੇ ਕਈ ਚੁਣੌਤੀਆਂ ਹਨ, ਜਿਸ 'ਚ ਗ਼ਰੀਬੀ, ਬੁਨਿਆਦੀ ਢਾਂਚੇ ਤੇ ਅਧਿਆਪਕਾਂ ਦੀ ਕਮੀ ਮੁੱਖ ਹਨ। ਗ਼ਰੀਬ ਪਰਿਵਾਰਾਂ ਲਈ ਪ੍ਰਾਇਮਰੀ ਸਕੂਲ ਦੀ ਸਿੱਖਿਆ ਤੋਂ ਬਾਅਦ ਫ਼ੀਸ ਦਾ ਬੋਝ ਚੁੱਕਣਾ ਮੁਸ਼ਕਿਲ ਹੋ ਜਾਂਦਾ ਹੈ, ਜਿਸ ਕਾਰਣ ਉਹ ਬੱਚਿਆਂ ਨੂੰ ਸਕੂਲ ਤੋਂ ਹਟਾ ਲੈਂਦੇ ਹਨ। ਇਸ ਮਾਮਲੇ ਵਿਚ ਪੰਜਾਬ ਸਰਕਾਰ ਆਪਣੇ ਪੱਧਰ "ਤੇ ਵੱਡੇ ਉਪਰਾਲੇ ਕਰ ਰਹੀ ਹੈ। ਸੂਬਾ ਸਰਕਾਰ ਨੇ ਸਰਕਾਰੀ ਸਕੂਲਾਂ 'ਚ ਬੱਸ ਸੇਵਾ ਸ਼ੁਰੂ ਕੀਤੀ ਹੈ, ਤਾਂਕਿ ਪ੍ਰਾਇਮਰੀ ਸਕੂਲ ਸਿੱਖਿਆ ਤੋਂ ਬਾਅਦ ਪਿੰਡਾਂ ਦੇ ਬੱਚਿਆਂ ਨੂੰ ਸਕੂਲ ਜਾਣ 'ਚ ਕਿਸੇ ਵੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਖ਼ਾਸ ਕਰਕੇ ਕੁੜੀਆਂ ਲਈ ਇਹ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਵੀ ਡਰੌਪ ਆਊਟ ਘੱਟ ਕਰਨ ਦੇ ਸੰਬੰਧ 'ਚ ਸਖ਼ਤ ਹੁਕਮ ਦਿੱਤੇ ਹਨ। ਦੂਜੇ ਪਾਸੇ ਸਕੂਲਾਂ ਦੇ ਉੱਚ ਪ੍ਰਾਇਮਰੀ ਪੱਧਰ 'ਤੇ ਸਰਕਾਰ ਨੂੰ ਵਧੀਆ ਨਤੀਜਾ ਮਿਲਿਆ ਹੈ। ਸਾਲ 2022-23 'ਚ ਪ੍ਰਾਇਮਰੀ ਪੱਧਰ ਦੇ ਸਕੂਲਾਂ ਤੇ ਡਰੌਪ ਆਊਟ ਰੇਟ 3.1 ਫੀਸਦੀ ਸੀ, ਜੋ 2023-24 'ਚ ਘੱਟ ਹੋ ਕੇ 0.1 ਫ਼ੀਸਦੀ ਹੋ ਗਿਆ ਹੈ। ਉੱਥੇ ਹੀ ਸਕੂਲਾਂ ਦੇ ਉੱਚ ਪ੍ਰਾਇਮਰੀ ਪੱਧਰ 'ਤੇ ਸਾਲ 2022-23 'ਚ ਡਰੌਪ ਆਊਟ ਰੇਟ 5.3 ਫੀਸਦੀ ਸੀ, ਜੋ ਘੱਟ ਹੋ ਕੇ 2.6 ਫ਼ੀਸਦੀ ਹੋ ਗਿਆ ਹੈ।



## ਭਾਰਤ ਤੇ ਯੂ.ਕੇ. ਨੇ ਟਰੇਡ ਫਰੀ ਐਗਰੀਮੈਂਟ 'ਤੇ ਕੀਤੇ ਦਸਤਖਤ

**ਲੰਡਨ, 24 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਭਾਰਤ ਅਤੇ ਯੂਕੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਯੂਕੇ ਫੇਰੀ ਦੇ ਹਿੱਸੇ ਵਜੋਂ ਇੱਕ ਮੁਕਤ ਵਪਾਰ ਸਮਝੌਤੇ 'ਤੇ ਦਸਤਖਤ ਕੀਤੇ। ਪ੍ਰਧਾਨ ਮੰਤਰੀ ਮੋਦੀ ਨੇ ਅੱਜ ਚੈਕਰਸ ਅਸਟੇਟ ਵਿਖੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਮੋਦੀ ਸਟਾਰਮਰ ਨਾਲ ਮੁਲਾਕਾਤ ਦੌਰਾਨ ਯੂਕੇ ਨਾਲ ਸਬੰਧਾਂ ਦੀ ਸਮੀਖਿਆ ਕਰਨ ਲਈ ਵੀ ਤਿਆਰ ਹਨ। ਦੋਵੇਂ ਧਿਰਾਂ ਤਕਨਾਲੋਜੀ, ਨਿਵੇਸ਼, ਜਲਵਾਯੂ, ਰੱਖਿਆ, ਵਪਾਰ ਅਤੇ ਪ੍ਰਵਾਸ 'ਤੇ ਚਰਚਾ ਕਰਨ ਲਈ ਤਿਆਰ ਹਨ। ਮੋਦੀ ਬ੍ਰਿਟੇਨ ਦੇ ਰਾਜਾ, ਰਾਜਾ ਚਾਰਲਸ 999 ਨਾਲ ਵੀ ਮੁਲਾਕਾਤ ਕਰਨਗੇ। ਬ੍ਰਿਟਿਸ਼ ਸਰਕਾਰ ਨੇ ਵੀਰਵਾਰ (24 ਜੁਲਾਈ, 2025) ਨੂੰ ਸੌਦੇ ਨੂੰ ਰਸਮੀ ਬਣਾਉਣ ਤੋਂ ਕੁਝ ਘੰਟੇ ਪਹਿਲਾਂ ਕਿਹਾ ਕਿ ਭਾਰਤ-ਯੂਕੇ 6" 1 ਬਾਜ਼ਾਰ ਪਹੁੰਚ ਵਿੱਚ ਮਹੱਤਵਪੂਰਨ ਸੁਧਾਰ ਕਰੇਗਾ ਅਤੇ ਦੁਵੱਲੇ ਵਪਾਰ ਨੂੰ ਸਾਲਾਨਾ ਲਗਭਗ £34 ਬਿਲੀਅਨ ਵਧਾਏਗਾ। ਦੋਵੇਂ ਪ੍ਰਧਾਨ ਮੰਤਰੀ ਤੇਜ਼ੀ ਨਾਲ ਵਿਸ਼ਵਵਿਆਪੀ ਤਬਦੀਲੀ ਦੇ ਸਮੇਂ ਵਿੱਚ ਆਪਣੀ ਭਾਈਵਾਲੀ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ "ਯੂਕੇ-ਭਾਰਤ ਵਿਜ਼ਨ 2035" ਦਾ ਵੀ ਉਦਘਾਟਨ ਕਰਨਗੇ। ਯੂਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਸ ਦੌਰਾਨ ਕਿਹਾ ਕਿ "ਇਹ ਇੱਕ ਅਜਿਹਾ ਸੌਦਾ ਹੈ ਜੋ ਸਾਡੇ ਦੋਵਾਂ ਦੇਸ਼ਾਂ ਨੂੰ ਵੱਡੇ ਲਾਭ ਦੇਵੇਗਾ, ਤਨਖਾਹਾਂ ਵਧਾਏਗਾ, ਜੀਵਨ ਪੱਧਰ ਵਧਾਏਗਾ ਅਤੇ ਕੰਮ ਕਰਨ ਵਾਲੇ ਲੋਕਾਂ ਦੀਆਂ ਜੇਬਾਂ ਵਿੱਚ ਹੋਰ ਪੈਸਾ ਪਾਵੇਗਾ। ਇਹ ਨੌਕਰੀਆਂ ਲਈ ਚੰਗਾ ਹੈ, ਇਹ ਕਾਰੋਬਾਰ ਲਈ ਚੰਗਾ ਹੈ, ਟੈਰਿਫਾਂ ਵਿੱਚ ਕਟੌਤੀ ਕਰੇਗਾ ਅਤੇ ਵਪਾਰ ਨੂੰ ਸਸਤਾ, ਤੇਜ਼ ਅਤੇ ਆਸਾਨ ਬਣਾਏਗਾ।" ਯੂਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਦੁਵੱਲੀ ਮੁਲਾਕਾਤ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ "ਅਸੀਂ ਇਸ ਸਾਲ ਤੀਜੀ ਵਾਰ ਮਿਲ ਰਹੇ ਹਾਂ। ਮੈਂ ਇਸਨੂੰ ਬਹੁਤ ਮਹੱਤਵਪੂਰਨ ਸਮਝਦਾ ਹਾਂ। ਯੂਕੇ ਅਤੇ ਭਾਰਤ ਕੁਦਰਤੀ ਭਾਈਵਾਲ ਹਨ। ਅੱਜ ਸਾਡੇ ਸਬੰਧਾਂ ਵਿੱਚ ਇੱਕ ਇਤਿਹਾਸਕ ਦਿਨ ਹੈ। ਸਾਡੇ ਦੋਵੇਂ ਦੇਸ਼ ਐੱਫਟੀਏ ਅਤੇ ਡਬਲ ਕੰਟਰੀਬਿਊਸ਼ਨ ਕਨਵੈਨਸ਼ਨ 'ਤੇ ਦਸਤਖਤ ਕਰ ਰਹੇ ਹਨ। ਇਹ ਭਾਰਤ ਅਤੇ ਯੂਕੇ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਬਹੁਤ ਮਜ਼ਬੂਤ ਰਸਤਾ ਤਿਆਰ ਕਰੇਗਾ। ਇਹ ਵਪਾਰ ਅਤੇ ਵਪਾਰ ਵਿੱਚ ਇੱਕ ਨਵਾਂ ਅਧਿਆਇ ਜੋੜ ਰਿਹਾ ਹੈ।"



ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖ਼ਾਲਸਾ।

# ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ ॥


**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**




ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB



ਸ੍ਰੀ ਪਟਨਾ ਸਾਹਿਬ
SRI PATNA SAHIB



ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB



ਸ੍ਰੀ ਦਮਦਮਾ ਸਾਹਿਬ
SRI DAMDAMA SAHIB



ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਦੀ ਕ੍ਰਿਪਾ ਸਦਕਾ 15 ਫਰਵਰੀ 2026 ਤੋਂ 25 ਫਰਵਰੀ 2026 (10 ਰਾਤ, 11 ਦਿਨ) ਤੱਕ ਪੰਜ ਤਖ਼ਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਾਵਾਰਾ ਸ੍ਰੀ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 15 ਫਰਵਰੀ, 2026 ਨੂੰ ਸ਼ੁਰੂ ਹੋਵੇਗੀ ਤੇ ਇਥੇ ਹੀ 25 ਫਰਵਰੀ, 2026 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

☛ ਲਗਜਰੀ ਹੋਟਲਾਂ 'ਚ ਸਟੇਅ
☛ ਲਗਜ਼ਰੀ ਏ. ਸੀ. ਕੋਚ
☛ ਡੋਮੈਸਟਿਕ ਫਲਾਈਟਾਂ
☛ ਗਾਈਡ
☛ ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
☛ ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

ਬੁੱਕ ਕਰਨ ਲਈ 600 ਪੌਂਡ ਐਡਵਾਂਸ ਦੇ ਤੌਰ 'ਤੇ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਯਾਤਰਾ ਤੋਂ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

### ਅਕਾਊਂਟ ਨੰਬਰ ਤੇ ਡਿਟੇਲ

Account Name: RAGHBIR SINGH
Bank Name : HALIFAX
Sort Code : 11-08-07
Account No. : 00516474

ਸੰਪਰਕ ਨੰ. :
+44 7458 381111 +44 7976 210161
email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

★ ਸਲਾਹ ★
ਸਮੂਹ ਸੰਗਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਤੌਰ 'ਤੇ ਟਰੈਵਲ ਇਸ਼ੋਰੈਂਸ ਕਰਵਾ ਲੈਣ

ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ
## ਪੰਜ ਤਖ਼ਤ ਯਾਤਰਾ

ਆਵਾਜ਼ਿ ਕੌਮ AWAZE QAUM

10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :


ਆਵਾਜ਼ਿ ਕੌਮ AWAZE QAUM


### 15 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 16 ਫਰਵਰੀ (ਦਿਨ 2)



ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਉਜੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖ਼ੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 17 ਫਰਵਰੀ (ਦਿਨ 3)



ਸਵੇਰੇ ਨਾਸ਼ਤੇ ਤੋਂ ਬਾਅਦ ਟਰੇਲ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿਬ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੈਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋ ਫਿਕਸਡ ਮੈਨਿਊ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 18 ਫਰਵਰੀ (ਦਿਨ 4)



ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 19 ਫਰਵਰੀ (ਦਿਨ 5)



ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 20 ਫਰਵਰੀ (ਦਿਨ 6)



ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 21 ਫਰਵਰੀ (ਦਿਨ 7)



ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 22 ਫਰਵਰੀ (ਦਿਨ 8)



ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 23 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਬਿ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 24 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਉਜੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 25 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਿਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।

--★ ਯਾਤਰਾ ਵਿੱਚ ਸ਼ਾਮਲ ਹੋਣ ਅਤੇ ਹੋਰ ਵਧੇਰੇ ਜਾਣਕਾਰੀ ਲਈ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕਰੋ ★--


**RAGHBIR SINGH** +44 7458 381111, +44 7976 210161
**PARAMJIT SHERGILL** +44 7858 198159
**INDERJIT KAUR** +44 7883 635835
**KULWINDER MANN** +44 7900 982906

ਵਾਹਿਗੁਰੂ ਜੀ ਕਾ ਖਾਲਸਾ ।

# ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
# ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕੀ ਫ਼ਤਹਿ ॥

**ਆਵਾਜ਼ਿ ਕੌਮ AWAZE QAUM**

**ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼**


## RAGHBIR SINGH (Call : +44 7976 210161)
121. Broadway west Walsall, West Midlands, WS1 4DW, England uk




ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB



ਸ੍ਰੀ ਪਟਨਾ ਸਾਹਿਬ
SRI PATNA SAHIB



ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB



ਸ੍ਰੀ ਦਮਦਮਾ ਸਾਹਿਬ
SRI DAMDAMA SAHIB



ਸ੍ਰੀ ਹਜ਼ੂਰ ਸਾਹਿਬ
SRI HAZUR SAHIB

# PANJ TAKHAT YATRA

**Thank you for choosing us to go to PANJ TAKHAT YATRA in February 2026 (15th Feb – 25thFeb 2026). During the stay we will try to provide you with all the possible facilities to make this trip a memorable one.**

## Tour Package

Akal Takhat Sahib & 5 Other Places
Hydrabad & 5 Other Places
Hazur Sahib & 8 Other Gurudwaras
Patna Sahib & 5 Other Gurudwaras
Chandigarh & Sukhna Lake
Anandpur Sahib & 4 Other Gurudwaras
Damdama Sahib & 3 Other Gurudwaras

- Luxury Hotel With Breakfast & Dinner
- Luxury Air-Conditioned Coaches
- Domestic Flights
- Guided
- Flexibility to stay in India before & after the trip
- Starting and Ending Point at Jalandhar

**Note :** To Book Deposit £600 as an advance into the mendioned bank account balance amout need to be deposited 2 weeks before the travel date.

Account Name : RAGHBIR SINGH
Bank Name : HALIFAX
Sort Code : 11-08-07
Account No. : 00516474

Contact Detail :
+44 7458 381111 +44 7976 210161
email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

--ADVICE--

**Request to all Sangat to have own travel Insurance individualy!**

Program is subject to change without Prior Notice.

ਆਵਾਜ਼ਿ ਕੌਮ AWAZE QAUM

## JOURNEY OF A LIFE TIME
## PANJ TAKHAT YATRA
### 5 TAKHAT YATRA - 10 NIGHTS / 11 DAYS

ਆਵਾਜ਼ਿ ਕੌਮ AWAZE QAUM

### 15th FEB. Day 1st.



**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum ( if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 16th Feb. Day 2nd.



Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 17th Feb Day 3rd



After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 18th Feb Day4th



Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 19th Feb Day5th



Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 20th Feb. Day 6th



After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 21st Feb Day 7th



After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 22th Feb Day 8th



After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 23rd Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 24th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 25th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**


**FOR MORE INFORMATION PLS. CONTACT**

| RAGHBIR SINGH | PARAMJIT SHERGILL | INDERJIT KAUR | KULVINDER MANN |
|---|---|---|---|
| +44 7458 381111, +44 7976 210161 | +44 7858 198159 | +44 7883 635835 | +44 7900 982906 |

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਆਵਾਜ਼ਿ ਕੌਮ AWAZE QAUM TV

# AWAZE QAUM TOURS & TRAVELS

ORGANISE

# PANJ TAKHAT YATRA

# ਪੰਜ ਤਖ਼ਤ ਦਰਸ਼ਨ ਯਾਤਰਾ

## ( FROM 15th FEB 2026 TO 25th FEB 2026 )

10 Nights 11 Days Tour From 15th Feb 2026 to 25th Feb 2026

AKAL TAKHAT SAHIB & 5 OTHER PLACES | HYDRABAD & 2 OTHER PLACES
HAZUR SAHIB & 8 OTHER GURUDWARAS | PATNA SAHIB & 5 OTHER GURUDWARA
CHANDIGARH & SUKHNA LAKE | ANANDPUR SAHIB & 4 OTHER GURUDWARAS
DAMDAMA SAHIB & 3 OTHER GURUDWARAS

- Luxury Hotel with Breakfast & Dinner
- Luxury Air-conditioned Coaches
- Domestic Flights
- Guide
- Flexibility to stay in India before & after the trip*
- Starting and Ending Point at Jalandhar

NOTE: TO BOOK DEPOSIT £600 AS AN ADVANCE INTO THE MENTIONED BANK ACCOUNT
BALANCE AMOUNT NEED TO BE DEPOSITED 2 WEEKS BEFORE THE TRAVEL DATE

Account Name
RAGHBIR SINGH
Bank Name
HALIFAX
Sort Code 11-08-07
Account Number
00516474

ADVICE

REQUEST TO ALL SANGAT TO HAVE YOUR OWN TRAVEL INSURANCE INDIVIDUALLY !

FOR MORE INFO CONTACT

RAGHBIR SINGH
(CALL + 44 7458 381111, + 44 7976 210161)

PARAMJIT SHERGILL +44 7858 198159

INDERJIT KAUR +44 7883 635835

KULVINDER MANN +44 7900 982906

121, BROADWAY WEST WALSALL, WEST MIDLANDS, WS1 4DW, ENGLAND UK

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death

Sant Jarnail Singh Ji Khalsa Bhindranwale
www.damdamitaksal.net

---


ਧਰਮ ਪ੍ਰਚਾਰ ਲਈ ਸ਼ਬਦ ਗੁਰੂ ਟਕਸਾਲ ॥ ਦਮਦਮੀ ਟਕਸਾਲ ਜਥਾ ਭਿੰਡਰਾਂ (ਮਹਿਤਾ)
www.damdamitaksal.net

ਨਾਮ ਜਪੋ | ਕਿਰਤ ਕਰੋ | ਵੰਡ ਛੱਕੋ
Naam Japo | Kirat Karo | Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ | Learn Gatka
www.damdamitaksal.net


---


ਆਵਾਜ਼ਿ ਕੌਮ
Daily Newspaper from U.K.

Publisher/Chief Editor
Raghbir Singh Walsal
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

---


ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਨੌਵੇ ਪਾਤਸ਼ਾਹ ਧੰਨ-ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ
350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ
ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ
ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ
ਮਾਤਾ ਸਾਹਿਬ ਕੌਰ ਜੀ

## ਗੁਰਮਤਿ ਸਮਾਗਮ

1 ਨਵੰਬਰ 2025, ਦਿਨ ਸ਼ਨੀਵਾਰ ਨੂੰ
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂ ਵਾਲੇ

ਆਵਾਜ਼ਿ ਕੌਮ AWAZE QAUM
International Newspaper & WEB TV



ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ – 20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ –1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਨੋਟ : ਇਹ ਸਮਾਗਮ 13 ਦਿਨ ਚੱਲੇਗਾ ਦੇਸ਼-ਵਿਦੇਸ਼ ਤੋਂ ਸੰਗਤਾਂ ਪਹੁੰਚ ਰਹੀਆ।
ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।

ਬੇਨਤੀ ਕਰਤਾ
ਸੰਤ ਬਾਬਾ ਰਣਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137






--✶ ਗੁਰੂ ਪੰਥ ਦਾ ਸੇਵਾਦਾਰ ✶--

ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ

ਮੁਖੀ ਦਮਦਮੀ ਟਕਸਾਲ,
, ਜਥਾ ਭਿੰਡਰਾਂ, ਮਹਿਤਾ

ਅਤੇ ਪ੍ਰਧਾਨ ਸੰਤ ਸਮਾਜ




# ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਦੇ ਧਾਰਮਿਕ ਸਮਾਗਮਾਂ ਲਈ ਭਾਈ ਕਪਤਾਨ ਸਿੰਘ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# +44 7788 283485

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸੰਘਰਸ਼ ਦਾ ਦੌਰ ਕਿਤਾਬ ਲੋਕ ਲਾਜ ਤੋਂ ਮੁਕਤ, ਨਿਰਪੱਖਤਾ ਅਤੇ ਸਪੱਸ਼ਟਤਾ ਦਾ ਪ੍ਰਗਟਾਵਾ ਹੈ

## ਸਿੱਖ ਸ਼ਹੀਦਾਂ, ਐਕਸ਼ਨਾਂ, ਕਾਤਲਾਂ, ਮੁਖਬਰਾਂ ਦੀ ਜਾਣਕਾਰੀ ਬਾਕਮਾਲ -ਲਵਪ੍ਰੀਤ ਕੌਰ ਰੰਧਾਵਾ

ਵੈਰੋਨੰਗਲ - ਖਾਲਿਸਤਾਨ ਦੇ ਚੱਲ ਰਹੇ ਸੰਘਰਸ਼ ਦੌਰਾਨ ਸ਼ਹੀਦ ਹੋਏ ਭਾਈ ਅਵਤਾਰ ਸਿੰਘ ਕੱਥੂਨੰਗਲ ਦੀ ਧੀ ਬੀਬੀ ਲਵਪ੍ਰੀਤ ਕੌਰ ਰੰਧਾਵਾ ਨੇ ਬੇਹੱਦ ਚਰਚਿਤ ਕਿਤਾਬ ਸੰਘਰਸ਼ ਦਾ ਦੌਰ ਪੜ੍ਹਨ ਉਪਰੰਤ ਬਹੁਤ ਹੀ ਦਿਲ ਟੁੰਬਵੇਂ ਜਜ਼ਬਾਤਾਂ ਦਾ ਪ੍ਰਗਟਾਵਾ ਕੀਤਾ ਹੈ। ਜਿਸ ਦਾ ਕਹਿਣਾ ਹੈ ਕਿ ਇਸ ਕਿਤਾਬ ਦੀ ਸੰਪਾਦਕ ਰਸ਼ਿਪੰਦਰ ਕੌਰ ਗਿੱਲ ਭੈਣ ਜੀ ਦੁਆਰਾ ਭੇਜ਼ੀ ਗਈ ਸੀ, ਜੋ ਕਿ 20 ਜੂਨ ਨੂੰ ਪ੍ਰਾਪਤ ਹੋ ਗਈ ਸੀ...ਸਭ ਤੋਂ ਪਹਿਲਾਂ ਇਹ ਕਿਤਾਬ ਭੇਜ਼ਣ ਲਈ ਭੈਣ ਜੀ ਹੋਰਾਂ ਦਾ ਧੰਨਵਾਦ ਤੇ ਇਹ ਧੰਨਵਾਦ ਲੇਟ ਕਰਨ ਦਾ ਕਾਰਣ ਨਿੱਜੀ ਰੁਝੇਵੇਂ ਹਨ ਤੇ ਇਕ ਅਹਿਮ ਕਾਰਣ ਇਹ ਵੀ ਹੈ ਕਿ ਜਦੋਂ ਵੀ ਕਿਤਾਬ ਪੜ੍ਹਾਂ ਤੇ ਫਿਰ ਲਿਖਾਂ ਕਿ ਇਸ ਕਿਤਾਬ ਦੀ ਖਾਸੀਅਤ ਕੀ ਹੈ ਮਤਲਬ ਰਿਵਿਊ ਦੇਵਾ। "ਸੰਘਰਸ਼ ਦਾ ਦੌਰ" ਅੱਖੀਂ ਵੇਖਿਆ ਤੇ ਹੱਡੀਂ ਹੰਢਾਇਆ ਮੈਨੂੰ ਇਹ ਕਿਤਾਬ ਦਾ ਨਾਮ ਪੜਕੇ ਲੱਗਿਆ ਕਿ ਸ਼ਾਇਦ ਲੇਖਕ ਨੇ ਹੋਰ ਕਿਤਾਬਾਂ ਦੇ ਲੇਖਕਾਂ ਵਾਂਗ ਆਪਣੀ ਹੀ ਘਾਲਣਾਂ ਤੇ ਆਪਣੀ ਹੀ ਸ਼ਖਸ਼ੀਅਤ ਨੂੰ ਚਮਕਾਇਆ ਹੋਵੇਗਾ...ਪਰ ਮੈਂ ਇਸ ਕਿਤਾਬ ਨੂੰ ਪੜ੍ਹਣ ਉਪਰੰਤ ਨਿਰਾਸ਼ ਹੋਈ ਕਹਿ ਲਓ ,ਕਿਉਂਕਿ ਲੇਖਕ ਨੇ ਇਸ ਕਿਤਾਬ ਦੇ ਸਿਰਲੇਖ ਨੂੰ ਇਨ-ਬਿਨ ਜਿਊਂਦੇ ਰੱਖਿਆ ਤੇ ਹਰ ਮੋੜ ਉੱਤੇ ਦਰਸਾਇਆ ਕਿ ਕਿਵੇਂ ਸਿੱਖ ਸੰਘਰਸ਼ ਨੂੰ ਇਕ ਨੌਜੁਆਨ ਨੇ ਪੜਾਵ ਦਰ ਪੜਾਵ, ਆਪਣੇ ਪਿੰਡੇ ਉੱਤੇ ਹੰਢਾਇਆ ਹੈ... ਨਾ ਕੇਵਲ ਉਸਨੇ ਆਪਣੀ ਘਾਲਣਾਂ ਨੂੰ ਸਬਦਾਂ ਵਾਲੇ ਦ੍ਰਿਸ਼ਾਂ ਰਾਹੀਂ ਦਰਸਾਉਣ ਵਿਚ ਸਫਤਲਤਾ ਪ੍ਰਾਪਤ ਕੀਤੀ ਹੈ, ਸਗੋਂ ਆਪਣੇ ਨਾਲਦੇ ਸਾਥੀਆਂ, ਜੋ ਸ਼ਹੀਦ ਹੋਗੇ ਉਹਨਾਂ ਦੀ ਸ਼ਖਸੀਅਤ ਨਾਲ ਇਨਸਾਫ ਕਰਦੇ ਹੋਏ ਓਨਾਂ ਦੇ ਕੱਦ-ਕਾਠ , ਰੰਗ-ਰੂਪ ਤੀਕਰ ਦਾ ਜ਼ਿਕਰ ਛੋਟੇ-ਛੋਟੇ ਜਿੰਦਗੀ ਦੀਆਂ ਘਟਨਾਵਾਂ ਰਾਹੀਂ ਪੇਸ਼ ਕਰਕੇ ਦਿੱਤਾ ਹੈ।

ਇਸ ਕਿਤਾਬ ਦੀ ਵਿਲੱਖਣਤਾ ਇਹ ਹੈ ਕਿ ਇਸ ਵਿਚ ਸਿੱਖ ਸੰਘਰਸ਼ ਦੇ ਸਮੇਂ ਹੋਏ ਗੱਦਾਰਾਂ (ਕੈਟਾਂ) ਦਾ ਵੇਰਵਾ ਬੇਬਾਕਿ ਤੇ ਬੇਖੌਫ ਹੋਕੇ ਦਿੱਤਾ ਹੈ...ਬਿਨਾਂ ਸ਼ੱਕ ਬਹੁਤ ਕਿਤਾਬਾਂ ਹੁਣ ਤੀਕਰ ਸਿੱਖ ਸੰਘਰਸ਼ ਨਾਲ ਸੰਬੰਧਿਤ ਲਿਖੀਆਂ ਜਾ ਚੁੱਕੀਆਂ ਨੇ ਜਿੰਨਾਂ ਦੇ ਲੇਖਕ ਸਾਬਕਾ ਖਾੜਕੂ, ਸਿੱਖ ਚਿੰਤਕ, ਸਿੱਖ ਹਤੈਸ਼ੀ, ਸਿੱਖ ਫਿਲਾਸਫਰ ਆਦਿਕ ਹਨ...ਪਰ ਹਰੇਕ ਲੇਖਕ ਨੇ ਹੁਣ ਤੀਕਰ ਇਹਨਾਂ ਗੱਦਾਰਾਂ ਕੈਟਾਂ ਉੱਪਰ ਪੜਦਾ ਹੀ ਪਾਇਆ ਸੀ, ਭਾਵੇਂ ਉਹ ਪੜਦਾ ਗੁਪਤ ਮਿਸਾਲਾਂ ਦੇ ਕੇ ਜਾਂ ਫਲਾਨਾ-ਢਿਮਕਾਨਾ ਬੰਦਾ ਕਹਿਕੇ ਲਿਖਣਾਂ ਸੀ ।ਪਰ ਇਸ ਕਿਤਾਬ ਵਿਚ ਜਿਵੇਂ-ਜਿਵੇਂ ਵੀ ਕਿਸੇ ਕੈਟ ਨੇ ਸਿੱਖ ਨੌਜੁਆਨ ਨੂੰ ਸ਼ਹੀਦ ਕਰਵਾਇਆ ਨਾਮ ਤੇ ਪਤੇ ਸਮੇਤ ਜ਼ਿਕਰ ਮਿਲੇਗਾ ਕਿ ਉਸ ਗੱਦਾਰ ਨੇ ਕਦੋਂ, ਕਿੱਥੇ ਤੇ ਕਿਵੇਂ ਸ਼ਹਾਦਤਾਂ ਕਰਵਾਈਆਂ...ਅਤੇ ਅੱਜ ਉਹ ਸਿੱਖ ਸੰਘਰਸ਼ ਦੇ ਗੱਦਾਰ ਤੇ ਸਾਡੇ ਆਪਣਿਆਂ ਭਰਾਵਾਂ ਦੇ ਕਾਤਿਲ ਕਿੱਥੇ ਵੱਸ ਰਹੇ ਨੇ ਕਿਤਾਬ ਵਿਚ ਲੇਖਕ ਨੇ ਤੱਤਕਰੇ ਨਾਲ ਵੀ ਪੂਰਨ ਇਨਸਾਫ ਕਰਦੇ ਹੋਏ ਬੜੇ ਰੌਚਕ ਤਰੀਕੇ ਨਾਲ ਸਿਰਜਿਆ ਹੈ। ਇਸ ਕਿਤਾਬ ਦੀ ਸ਼ੁਰੂਆਤ ਵਿਚ ਇੱਕ ਆਮ ਜਿਹੇ ਨੌਜੁਆਨ ਦਾ ਜ਼ਿਕਰ ਹੈ ਜਿਸਦੀ ਜੀਵਨ-ਜਾਚ ਕਿਵੇਂ ਸੰਤ ਜੀ ਦੀ ਸਿਰਫ ਇੱਕ ਕੈਸਟ ਸੁਣ ਕੇ ਤਬਦੀਲ ਹੁੰਦੀ ਹੈ ਹੈ ਤੇ ਉਹ ਖਾੜਕੂ ਹੋ ਨਿੱਬੜਦਾ ਹੈ ।ਉਹ ਆਮ ਜਿਹਾ ਮੌਤ ਤੋਂ ਡਰਨ ਵਾਲਾ ਨੌਜੁਆਨ ਕਿਵੇਂ ਧਰਮ ਤੋਂ ਜਾਨ ਵਾਰਨ ਲਈ ਤਿਆਰ ਹੋਣ ਵਾਲਾ ਨਿਡਰ ਸਿਪਾਹੀ ਬਨਣ ਤੱਕ ਦੇ ਸਫਰ ਦਾ ਜ਼ਿਕਰ ਹੈ ।ਜੋ ਸੰਤ ਜੀ ਦੀ ਸ਼ਖਸੀਅਤ ਦਾ ਪ੍ਰਭਾਵ ਲੇਖਕ ਉੱਤੇ ਪਿਆ ਉਹ ਅਖੀਰ ਤੀਕਰ ਜਾਪਦਾ ਹੈ ਕਿਉਂਕਿ ਸੰਤ ਜੀ ਦੇ ਬਾਬਤ ਹਰ ਉਸਤਿਤ ਹਰ ਛੋਟੇ ਤੋਂ ਛੋਟੇ ਸ਼ੰਕੇ ਨੂੰ ਨਵਿੱਤ ਕੀਤਾ ਗਿਆ ਹੈ,ਅਤੇ ਲੇਖਕ ਨੇ ਉਸ ਸਮੇਂ ਰਹੇ ਆਪਣੇ ਸਾਥੀ ਜੋ ਸ਼ਹੀਦ ਹੋਗੇ ਉਹਨਾਂ ਪ੍ਰੀ ਪਿਆਰ ਨੂੰ ਦਰਸਾਇਆ ਤੇ ਬੇਖੌਫ ਹੋਕੇ ਉਨਾਂ ਦੇ ਕਾਤਿਲਾਂ ਨੂੰ ਨਸ਼ਰ ਕੀਤਾ ਹੈ ਤੇ ਅਖੀਰ ਸਿੱਖ ਸੰਘਰਸ਼ ਪ੍ਰੀ ਇ ਜੰਗ-ਏ-ਅਜਾਦੀ ਅਤੇ ਕੌਮੀ ਘਰ ਦੀ ਪ੍ਰਾਪਤੀ ਲਈ ਆਪਣੀ ਵਚਨਬੱਧਤਾ ਨੂੰ ਕਾਇਮ ਰੱਖਣ ਬਾਰੇ ਲਿਖਿਆ ਹੈ ।ਲਿਖਣ ਨੂੰ ਬਹੁਤ ਕੁੱਝ ਲਿਖਿਆ ਜਾ ਸਕਦਾ ਹੈ ਪਰ ਬਹੁਤਾ ਲੰਮੇਰਾ ਲੇਖ ਨਾ ਲਿਖਦੀ ਹੋਈ ਇਹੀ ਕਹਿਣਾ ਹੈ ਜਿੰਨਾ ਕੁ ਮੈਂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਹੋਰਾਂ ਦੀ ਸ਼ਖਸ਼ੀਅਤ ਨੂੰ ਨਿੱਜੀ ਤੌਰ ਉੱਤੇ ਜਾਣਦੀ ਸੀ, ਉਹ ਆਪਣੇ ਉਸ ਪੈਮਾਨੇ ਉੱਪਰ ਪੂਰਨ ਰੂਪ ਵਿਚ ਖੱਰੇ ਉੱਤਰੇ ਨੇ ਭਾਈ ਡੱਲੇਵਾਲ ਨੇ ਕੋਈ ਚੋਰ-ਮੋਰੀਆਂ ਜਾਂ ਕੋਈ ਦੁਬਿਧਾ ਜਾਂ ਐਸੀ ਕੋਈ ਮਿਸਾਲ ਨਹੀਂ ਦਿੱਤੀ ਜਿਸ ਨਾਲ ਕੋਈ ਪੜਨ ਵਾਲਾ ਸ਼ੰਕੇ ਵਿਚ ਆਵੇ ਕਿ ਗੱਲ ਕਿਸ ਦੀ ਹੋ ਰਹੀ ਹੈ ।ਬੜੇ ਹੀ ਸਰਲ ਸ਼ਬਦਾਂ ਵਿਚ ਪੌਇੰਟ-ਟੂ-ਪੌਇੰਟ ਗਲ ਕੀਤੀ ਹੈ ਕਿ ਗੱਦਾਰ-ਕੈਟ ਕੌਣ ਸੀ । ਸ਼ਾਇਦ ਹੀ ਕੋਈ ਲੇਖਕ ਹੈ ਜਿਸਨੇ ਨਿਡਰ ਹੋ ਕੇ, ਬੇਗੈਰ ਕੋਈ ਲੋਕ-ਲਾਜ ਤੇ ਪੰਥਕ ਦਾਇਰੇ ਦੇ ਪ੍ਰਭਾਵ ਹੇਠ ਆਏ ਬਿਨਾਂ, ਬੇਖੌਫ ਹੋਕੇ ਸਾਫ ਤੇ ਸਪੱਸ਼ਟ ਤਰੀਕੇ ਨਾਲ ਲਿਖਿਆ ਤੇ ਆਮ ਲੋਕਾਂ ਤੀਕਰ ਸਿੱਖ ਸੰਘਰਸ਼ ਦਾ ਇਹ ਲਕੋਇਆ ਪੱਖ ਪਹੁੰਚਦਾ ਕੀਤਾ ।ਮੈਨੂੰ ਲਗਦਾ ਹਰੇਕ ਪੰਥ ਦੇ ਦਰਦ ਰੱਖਣ ਵਾਲੇ ਇਨਸਾਨ ਨੂੰ ਇਹ ਕਿਤਾਬ ਪੜਨੀ ਚਾਹੀਦੀ ਹੈ, ਤਾਂ ਜੋ ਉਹ ਉਹਨਾਂ ਲੋਕਾਂ ਦੀ ਪਛਾਣ ਕਰ ਸਕਣ ਜੋ ਪੰਥ ਦੇ ਮੁਖੌਟੇ ਵਿਚ ਕੈਟ ਹਨ ਜਾਂ ਕਹਿਲੋ ਕਿ ਸ਼ੇਰ ਦੀ ਖੱਲ ਪਾਕੇ ਘੁੰਮਣ ਵਾਲੇ ਪੰਥਕ ਭੇੜੀਏ ਕੌਣ ਹਨ । ਮੈਨੂੰ ਨਿੱਜੀ ਤੌਰ 'ਤੇ ਲਗਦਾ ਕਿ ਇਸੇ ਤਰਾਂ ਦੀ ਇਕ ਹੋਰ ਕਿਤਾਬ ਵੀ ਲਿਖੀ ਜਾਣੀ ਚਾਹੀਦੀ ਹੈ, ਜੋ ਇੱਕ ਵਾਰੀ ਫੇਰ ਸਿੱਖਾਂ ਨੂੰ ਇਸ ਧੁੰਧਕਾਰੇ ਵਿਚੋਂ ਕੱਢ ਸਕੇ ਕਿ ਅਸਲ ਸ਼ਹੀਦ ਹਨ ਕੌਣ ਤੇ ਉਹਨਾਂ ਦੇ ਪਰਿਵਾਰਾਂ ਦੇ ਜ਼ਿਕਰ ਸਮੇਤ ਉਹਨਾਂ ਪਰਿਵਾਰਾਂ ਦੀ ਘਾਲਣਾਂ ਨੂੰ ਬੇਖੌਫ ਹੋਕੇ ਬਿਨਾਂ ਤੋੜੇ-ਮਰੋੜੇ, ਬਿਨਾਂ ਕਿਸੇ ਪੱਖਪਾਤ ਦੇ ਲਿਖਿਆ ਜਾਵੇ ਤਾਂ ਜੋ ਆਮ ਜਨ ਨੂੰ ਪਤਾ ਲੱਗ ਸਕੇ ਕਿ ਕਿੱਢੇ ਸਿੱਦਕ, ਸਬਰ ਤੇ ਸੰਤੋਖ ਨਾਲ ਰੱਜੇ ਪਰਿਵਾਰ ਹਨ/ਸਨ ਉਹਨਾਂ ਸ਼ਹੀਦ ਸਿੰਘਾਂ ਦੇ...ਤੇ ਐਸੀ ਕਿਤਾਬ ਦੀ ਉਮੀਦ ਮੈਂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਤੋਂ ਹੀ ਕਰ ਸਕਦੀ ਹਾਂ । ਦੇਰੀ ਨਾਲ ਰਿਵਿਊ ਦੇਣ ਲਈ ਖਿਮ੍ਹਾਂ ਤੇ ਕਿਤਾਬ ਰੂਪੀ ਬੇਸ਼ਕੀਮਤੀ ਪੰਥਕ ਸਰੋਤ ਪਹੁੰਚਦਾ ਕਰਨ ਲਈ ਇੱਕ ਵਾਰ ਫੇਰ ਧੰਨਵਾਦ। ••

ਆਵਾਜ਼ਿ ਕੌਮ AWAZE QAUM International Newspaper & WEB TV








## ਲਵਪਰੀਤ ਕੌਰ ਰੰਧਾਵਾ (9779930090)
## ਸਪੁੱਤਰੀ ਅਮਰ ਸ਼ਹੀਦ ਭਾਈ ਅਵਤਾਰ ਸਿੰਘ ਕੱਥੂਨੰਗਲ

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸਿੱਖਸ ਫਾਰ ਜਸਟਿਸ ਤੇ ਵਰਲਡ ਸਿੱਖ ਪਾਰਲੀਮੈਂਟ ਦੀ ਰਿਪੋਰਟ ਯੂ.ਕੇ. ਪਾਰਲੀਮੈਂਟ 'ਚ ਰਿਕਾਰਡ

# ਮੋਦੀ ਦੀ ਇੰਗਲੈਂਡ ਯਾਤਰਾ ਤੋਂ ਪਹਿਲਾਂ ਭਾਰਤ ਵਿਰੁੱਧ ਯੂਕੇ ਵਿੱਚ ਅੰਤਰ-ਰਾਸ਼ਟਰੀ ਦਮਨ ਰਿਪੋਰਟ ਜਾਰੀ

## ਖਾਲਿਸਤਾਨ ਸਿੱਖ ਕਾਰਕੁਨਾਂ ਵੱਲੋਂ ਰੋਸ ਰੈਲੀ

**ਲੰਡਨ, 24 ਜੁਲਾਈ (ਸਰਬਜੀਤ ਸਿੰਘ ਬਨੂੜ)**-ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇੰਗਲੈਂਡ ਯਾਤਰਾ ਤੋਂ ਪਹਿਲਾਂ, ਯੂ.ਕੇ. ਸਰਕਾਰ ਨੇ ਅਜਿਹੇ ਦਸਤਾਵੇਜ਼ ਜਾਰੀ ਕਰ ਦਿੱਤੇ ਹਨ ਜੋ ਭਾਰਤ ਵੱਲੋਂ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਖ਼ਿਲਾਫ਼ ਕੀਤੇ ਜਾਂਦੇ ਅੰਤਰ-ਰਾਸ਼ਟਰੀ ਦਮਨ ਦੀ ਪੁਸ਼ਟੀ ਕਰਦੇ ਹਨ।

ਇਹ ਦਸਤਾਵੇਜ਼ UK National Archives ਅਤੇ ਸੰਸਦੀ ਲਿਖਤੀ ਗਵਾਹੀ ਰਾਹੀਂ ਜਾਰੀ ਕੀਤੇ ਗਏ ਹਨ। ਇਸ ਵਿੱਚ ਸਿੱਖਸ ਫਾਰ ਜਸਟਿਸ ਤੇ ਵਰਲਡ ਸਿੱਖ ਪਾਰਲੀਮੈਂਟ ਦੀ ਰਿਪੋਰਟ ਯੂ.ਕੇ. ਪਾਰਲੀਮੈਂਟ 'ਚ ਰਿਕਾਰਡ ਵਜੋਂ ਸ਼ਾਮਲ ਕੀਤੀ ਗਈ ਹੈ ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਭਾਰਤੀ ਏਜੰਸੀਆਂ ਜਾਂ ਉਨ੍ਹਾਂ ਦੇ ਪੱਖਕਾਰਾਂ ਵੱਲੋਂ ਯੂ.ਕੇ. ਸਮੇਤ ਵਿਦੇਸ਼ਾਂ ਵਿਚ ਰਹਿੰਦੇ ਖ਼ਾਲਿਸਤਾਨੀ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਬ੍ਰਿਟੇਨ ਦੇ ਨਵੇਂ ਚੁਣੇ ਪ੍ਰਧਾਨ ਮੰਤਰੀ ਕੀਟ ਸਟਾਮਰ ਦੀ ਮੁਲਾਕਾਤ ਬਕਿੰਗਹਮਸ਼ਾਇਰ ਦੇ ਚਿਲਟਰਨ ਪਹਾੜਾਂ ਵਿੱਚ ਸਥਿਤ ਸਰਕਾਰੀ ਰਿਹਾਇਸ਼ਗਾਹ 'ਤੇ ਹੋ ਰਹੀ ਹੈ। ਇਹ ਸਰਕਾਰੀ ਰਿਹਾਇਸ਼ ਹੋਣ ਦੇ ਨਾਲ-ਨਾਲ, ਰਾਜਨੀਤਕ ਗੱਲਬਾਤਾਂ, ਰਾਜਧੀਨੀ ਚਰਚਾਵਾਂ ਅਤੇ ਗੁਪਤ ਸੰਮਤੀਆਂ ਲਈ ਇਤਿਹਾਸਕ ਪਿੱਠਭੂਮੀ ਰੱਖਦੀ ਹੈ। ਇਥੇ ਹੋ ਰਹੀ ਮੁਲਾਕਾਤ ਖਾਲਿਸਤਾਨੀ ਹਲਕਿਆਂ, ਸਿੱਖਾਂ ਦੀ ਹਵਾਲਗੀ, ਮਨੁੱਖੀ ਅਧਿਕਾਰਾਂ ਅਤੇ ਭਾਰਤ-ਯੂ.ਕੇ. ਰਿਸ਼ਤਿਆਂ ਨੂੰ ਨਵਾਂ ਮੋੜ ਦੇ ਸਕਦੀ ਹੈ।

ਨਰਿੰਦਰ ਮੋਦੀ ਦੀ ਯਾਤਰਾ ਤੋਂ ਪਹਿਲਾਂ ਹੀ ਯੂ.ਕੇ. ਸਰਕਾਰ ਵੱਲੋਂ ਸਿੱਖਾਂ ਦੇ ਹੱਕ ਵਿੱਚ ਇੱਕ ਇਤਿਹਾਸਿਕ ਕਦਮ ਚੁੱਕਿਆ ਗਿਆ ਹੈ। ਯੂਕੇ ਵਿੱਚ ਅੰਤਰ-ਰਾਸ਼ਟਰੀ ਦਮਨ ਬਾਰੇ ਜਾਰੀ ਦਸਤਾਵੇਜ਼ਾਂ 'ਚ ਭਾਰਤ ਵੱਲੋਂ ਵਿਦੇਸ਼ਾਂ 'ਚ ਰਹਿੰਦੇ ਸਿੱਖਾਂ ਉੱਤੇ ਕੀਤੇ ਜਾ ਰਹੇ ਦਬਾਅ ਦੀ ਪੁਸ਼ਟੀ ਕੀਤੀ ਗਈ ਹੈ।

**ਸਿੱਖਸ ਫਾਰ ਜਸਟਿਸ ਤੇ ਵਰਲਡ ਸਿੱਖ ਪਾਰਲੀਮੈਂਟ ਦੀਆਂ ਰਿਪੋਰਟਾਂ ਬਣੀਆਂ ਸਰਕਾਰੀ ਰਿਕਾਰਡ :** ਯੂ.ਕੇ. ਸੰਸਦ ਵਿੱਚ ਲਿਖਤੀ ਸਬੂਤਾਂ ਰੂਪ ਵਿੱਚ ਦਿੱਤੀ ਗਈਆਂ ਗਵਾਹੀਆਂ 'ਚੋਂ, ਸਿੱਖਸ ਫਾਰ ਜਸਟਿਸ ਵੱਲੋਂ ਤਿਆਰ ਕੀਤੀ 19-ਸਫ਼ਿਆਂ ਦੀ ਵਿਸਥਾਰਿਤ ਰਿਪੋਰਟ, ਵਰਲਡ ਸਿੱਖ ਪਾਰਲੀਮੈਂਟ ਵੱਲੋਂ ਪੇਸ਼ ਕੀਤੀ 7 ਸਫ਼ਿਆਂ ਦੀ ਰਿਪੋਰਟ ਨੂੰ ਸਰਕਾਰੀ ਰਿਕਾਰਡ ਵਿੱਚ ਸ਼ਾਮਲ ਕਰ ਲਿਆ ਗਿਆ ਹੈ ਜਿਸ ਵਿੱਚ ਭਾਰਤ ਸਰਕਾਰ ਵੱਲੋਂ ਭਗੌੜੇ ਕਰਾਰ ਦਿੱਤੇ ਭਾਈ ਪਰਮਜੀਤ ਸਿੰਘ ਪੰਮਾ ਸਮੇਤ ਯੂਕੇ ਦੇ ਛੇ ਨਾਗਰਿਕਾਂ ਦੀ ਐਨ ਆਈ ਏ ਵੱਲੋ ਬਣਾਈ ਹਿੱਟ ਲਿਸਟ ਦੀ ਚਰਚਾ ਦੇ ਨਾਲ, ਬੀਤੇ ਵਰੇ ਬਰਮਿੰਘਮ ਦੇ ਖਾਲਿਸਤਾਨ ਕਾਰਕੁਨ ਅਵਤਾਰ ਸਿੰਘ ਖੰਡਾ ਦੀ ਹਸਪਤਾਲ ਹੋਈ ਮੌਤ ਤੇ ਸਿੱਖ ਜਥੇਬੰਦੀਆਂ ਵੱਲੋਂ ਇਸ ਘਟਨਾ ਨੂੰ ਏਜੰਸੀਆਂ ਵੱਲੋਂ ਜ਼ਿਹਰੀਲੀ ਵਸਤੂ ਦੇਣ ਦੀਆਂ ਗੱਲਾਂ ਨੇ ਸ਼ਭ ਕੁਝ ਨੰਗਾ ਕਰ ਦਿੱਤਾ ਹੈ। ਪਾਰਲੀਮੈਂਟ ਵਿੱਚ ਪੇਸ਼ ਰਿਪੋਰਟ ਵਿੱਚ ਭਾਰਤੀ ਏਜੰਸੀਆਂ ਵੱਲੋਂ ਵਿਦੇਸ਼ੀ ਸਿੱਖ ਕਾਰਕੁਨਾਂ ਦੀ ਨਿਗਰਾਨੀ, ਮੀਡੀਆ ਰਾਹੀਂ ਬਦਨਾਮੀ ਮੁਹਿੰਮ, ਸਿੱਧੀਆਂ ਧਮਕੀਆਂ ਅਤੇ ਹੱਤਿਆ ਦੇ ਯਤਨਾਂ ਤੱਕ ਦੇ ਦਾਅਵਿਆਂ ਨੂੰ ਦਰਜ ਕਰਦੀਆਂ ਹਨ। ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਕਿ ਭਾਰਤ ਦੀ ਐਨ ਆਈ ਏ (National Investigation Agency) ਨਾਲ ਜੁੜੀ "ਹਿੱਟ ਲਿਸਟ" ਦੇ ਨਾਂ ਤੇ ਤਸਵੀਰਾਂ ਇੰਡੀਆ ਦੇ ਟੀ.ਵੀ. ਚੈਨਲਾਂ ਰਾਹੀਂ ਚਲਾਏ ਗਏ, ਜਿਨ੍ਹਾਂ ਵਿੱਚ ਬਹੁਤ ਸਾਰੇ ਯੂ.ਕੇ. ਦੇ ਸਿੱਖ ਨਿਵਾਸੀ ਸ਼ਾਮਲ ਸਨ।

**ਭਾਰਤ-ਯੂ.ਕੇ ਰਿਸ਼ਤਿਆਂ ਤੇ ਪੈ ਸਕਦਾ ਹੈ ਕਨੇਡਾ ਵਰਗਾ ਪ੍ਰਭਾਵ**

ਸਿਆਸੀ ਤਜਜ਼ੀਕਾਰਾਂ ਅਨੁਸਾਰ, ਮੋਦੀ ਦੀ ਯਾਤਰਾ ਪਿਛੋਕੜ 'ਚ ਆਈ ਇਹ ਰਿਪੋਰਟ ਅਤੇ ਰੋਸ ਪ੍ਰਦਰਸ਼ਨ ਭਾਰਤ-ਯੂ.ਕੇ ਰਿਸ਼ਤਿਆਂ ਲਈ ਚੁਣੌਤੀਪੂਰਨ ਸਾਬਤ ਹੋ ਸਕਦੇ ਹਨ। ਯੂ.ਕੇ. ਦੀ ਨਵੀਂ ਸਰਕਾਰ ਮਨੁੱਖੀ ਹੱਕਾਂ ਅਤੇ ਅਜ਼ਾਦੀ-ਪਸੰਦ ਆਵਾਜ਼ਾਂ ਦੇ ਸਾਥ ਖੜ੍ਹੀ ਹੋ ਰਹੀ ਹੈ, ਜਿਸ ਨਾਲ ਭਾਰਤ ਦੀ ਵਿਦੇਸ਼ ਨੀਤੀ 'ਤੇ ਨਵਾਂ ਦਬਾਅ ਬਣ ਰਿਹਾ ਹੈ। SFJ ਦੀ ਰਿਪੋਰਟ ਨੂੰ ਸਰਕਾਰੀ ਮਾਨਤਾ ਮਿਲਣਾ, ਇਹ ਸਿੱਧ ਕਰਦਾ ਹੈ ਕਿ ਦਿੱਲੀ ਦੀ "ਆਵਾਜ਼ ਦਬਾਓ" ਨੀਤੀ ਨੂੰ ਹੁਣ ਯੂਰਪ ਵਿੱਚ ਸਵੀਕਾਰਤਾ ਨਹੀਂ ਮਿਲ ਰਹੀ।

## ਅਮਰੀਕਾ 'ਚ ਭਾਰਤੀ ਮੂਲ ਦਾ ਉਦਯੋਗਪਤੀ

# ਚੰਦਰਕਾਂਤ 'ਲਾਲਾ' ਪਟੇਲ ਵੀਜ਼ਾ ਫਰਾਡ ਮਾਮਲੇ 'ਚ ਗ੍ਰਿਫ਼ਤਾਰ



**ਲੁਈਸਿਆਨਾ (ਅਮਰੀਕਾ), 24 ਜੁਲਾਈ (ਸਰਬਜੀਤ ਸਿੰਘ ਬਨੂੜ)**-ਅਮਰੀਕਾ ਦੇ ਰਾਜ ਲੁਈਸਿਆਨਾ ਵਿੱਚ ਭਾਰਤੀ ਮੂਲ ਦੇ ਉਦਯੋਗਪਤੀ ਚੰਦਰਕਾਂਤ 'ਲਾਲਾ' ਪਟੇਲ ਨੂੰ ਇੱਕ ਵੱਡੀ ਵੀਜ਼ਾ ਧੋਖਾਧੜੀ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪਟੇਲ ਉੱਤੇ ਦੋਸ਼ ਹੈ ਕਿ ਉਸ ਨੇ ਛੋਟੇ ਸ਼ਹਿਰਾਂ ਦੇ ਪੁਲਸ ਮੁਖੀਆਂ ਨੂੰ ਰਿਸ਼ਵਤਾਂ ਦੇ ਕੇ ਝੂਠੀਆਂ ਲੁੱਟਾਂ ਅਤੇ ਜੁਰਮ ਦਰਜ ਕਰਵਾਏ, ਤਾਂ ਜੋ ਭਾਰਤੀ ਨਾਗਰਿਕ 'ਯੂ-ਵੀਜ਼ਾ' ਲਈ ਅਰਜ਼ੀਆਂ ਦੇ ਸਕਣ। ਜਸਟਿਸ ਡਿਪਾਰਟਮੈਂਟ ਦੇ ਮੁਤਾਬਕ, ਇਹ ਸਕੀਮ 2015 ਤੋਂ 2025 ਤੱਕ ਚੱਲਦੀ ਰਹੀ। ਪਟੇਲ ਨੇ ਹਰ ਕੇਸ ਲਈ ਤਕਰੀਬਨ 5 ਹਜ਼ਾਰ ਅਮਰੀਕੀ ਡਾਲਰ (ਭਾਰਤੀ ਕਰੰਸੀ ਅਨੁਸਾਰ ਲਗਭਗ 4 ਲੱਖ ਰੁਪਏ) ਦੀ ਰਿਸ਼ਵਤ ਪੁਲਸ ਮੁਲਾਜ਼ਮਾਂ ਨੂੰ ਦਿੱਤੀ। ਉਨ੍ਹਾਂ ਨੇ ਫਰਜ਼ੀ ਰਿਪੋਰਟਾਂ ਰਾਹੀਂ ਇਹ ਦਿਖਾਇਆ ਕਿ ਕੁਝ ਵਿਅਕਤੀ ਅਮਰੀਕਾ ਵਿੱਚ ਜੁਰਮ ਦੇ ਪੀੜਤ ਬਣੇ ਹਨ, ਜਿਸ ਅਧਾਰ 'ਤੇ ਉਹ ਯੂ-ਵੀਜ਼ਾ ਲਈ ਯੋਗ ਹੋ ਗਏ। ਇਸ ਮਾਮਲੇ ਵਿੱਚ ਓਕਡੇਲ (Oakdale) ਅਤੇ ਫੋਰੈਸਟ ਹਿੱਲ (Forest Hill) ਦੇ ਪੁਲਸ ਮੁਖੀ ਵੀ ਗ੍ਰਿਫ਼ਤਾਰ ਹੋਏ ਹਨ। ਉਨ੍ਹਾਂ ਨਾਲ ਨਾਲ ਇਕ ਚੀਫ਼ ਦੀ ਪਤਨੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ, ਜੋ ਰਿਪੋਰਟਾਂ ਦੀ ਤਸਦੀਕ ਕਰਵਾਉਣ ਅਤੇ ਦਸਤਾਵੇਜ਼ ਤਿਆਰ ਕਰਨ ਵਿੱਚ ਲੀਡ ਰੋਲ ਅਦਾ ਕਰਦੀ ਸੀ। ਚੰਦਰਕਾਂਤ ਪਟੇਲ ਉੱਤੇ ਵੀਜ਼ਾ ਫਰਾਡ, ਸਾਜ਼ਿਸ਼, ਰਿਸ਼ਵਤਖੋਰੀ, ਮੇਲ ਧੋਖਾਧੜੀ, ਮਨੀ ਲਾਂਡਰਿੰਗ ਦੇ ਮੁੱਖ ਦੋਸ਼ ਹਨ। ਇਨ੍ਹਾਂ ਦੋਸ਼ਾਂ ਹੇਠ ਪਟੇਲ ਨੂੰ ਲੰਬੀ ਕੈਦ ਅਤੇ ਸਮੇਤ ਹਰ ਜੁਰਮ ਲਈ ਵੱਡਾ ਜੁਰਮਾਨਾ ਹੋ ਸਕਦਾ ਹੈ। ਉਸ ਦੀ ਅਗਲੀ ਸੁਣਵਾਈ 23 ਜੁਲਾਈ 2025 ਨੂੰ ਅਦਾਲਤ ਵਿੱਚ ਹੋਣੀ ਨਿਸ਼ਿਚਤ ਕੀਤੀ ਗਈ ਹੈ।

**ਪਟੇਲ ਸਮੇਤ 2 ਪੁਲਸ ਚੀਫ਼, ਚੀਫ ਦੀ ਪਤਨੀ ਵੀ ਗ੍ਰਿਫ਼ਤਾਰ, 10 ਸਾਲ ਚੱਲਦੀ ਰਹੀ ਝੂਠੀਆਂ ਲੁੱਟਾਂ ਰਾਹੀਂ 'ਯੂ-ਵੀਜ਼ਾ' ਸਕੀਮ**

## ਭਗਤ ਸਿੰਘ ਦਾ ਜਨਮ ਅਤੇ ਪਰਿਵਾਰ





ਭਗਤ ਸਿੰਘ ਦਾ ਜਨਮ 28 ਸਤੰਬਰ 1907 ਨੂੰ ਪੰਜਾਬ ਦੇ ਲਾਹੌਰ (ਹੁਣ ਪਾਕਿਸਤਾਨ ਵਿੱਚ) ਦੇ ਇੱਕ ਪਿਆਰੇ ਪਰਿਵਾਰ ਵਿੱਚ ਹੋਇਆ। ਉਹਨਾਂ ਦੇ ਪਰਿਵਾਰ ਵਿੱਚ ਕਈ ਐਸੇ ਲੋਕ ਸਨ ਜੋ ਅਜ਼ਾਦੀ ਦੀ ਲਹਿਰ ਵਿੱਚ ਭਾਗ ਲੈਂਦੇ ਸਨ। ਇਸ ਲਈ ਛੋਟੇ ਭਗਤ ਸਿੰਘ ਦੇ ਮਨ ਵਿੱਚ ਛੋਟੇ ਹੀ ਉਮਰ ਵਿੱਚ ਦੇਸ਼ ਭਗਤੀ ਦਾ ਅੰਦਰੂਨੀ ਜਜ਼ਬਾ ਜੱਗ ਗਿਆ। ਉਹਨਾਂ ਦੀ ਬਚਪਨ ਦੀ ਸਿੱਖਿਆ ਅਤੇ ਪਰਿਵਾਰਕ ਵਾਤਾਵਰਣ ਨੇ ਉਹਨਾਂ ਨੂੰ ਸੱਚ ਅਤੇ ਅਨਿਆਏ ਦੇ ਖਿਲਾਫ਼ ਖੜ੍ਹ ਹੋਣ ਦੀ ਪ੍ਰੇਰਣਾ ਦਿੱਤੀ। ਜਦੋਂ ਉਹ ਛੋਟੇ ਸਨ, ਤਦ ਉਹਨਾਂ ਨੇ ਕਈ ਅਜਿਹੇ ਘਟਨਾਵਾਂ ਦੇਖੀਆਂ ਜਿਹੜੀਆਂ ਉਨ੍ਹਾਂ ਦੇ ਦਿਲ 'ਚ ਅਜ਼ਾਦੀ ਲਈ ਲੜਨ ਦੀ ਆਗ ਜਗਾਈ।

**ਭਗਤ ਸਿੰਘ ਦੀ ਸਿੱਖਿਆ :** ਭਗਤ ਸਿੰਘ ਬਹੁਤ ਤੇਜ਼-ਦਿਮਾਗ. ਤੇ ਨਿਸ਼ਾਨਦਾਰ ਵਿਦਿਆਰਥੀ ਸਨ। ਉਹਨਾਂ ਨੇ ਆਪਣੇ ਅਧਿਆਪਕਾਂ ਤੋਂ ਬਹੁਤ ਕੁਝ ਸਿੱਖਿਆ ਅਤੇ ਆਪਣੇ ਅੰਦਰ ਖ਼ੁਦ ਸਿੱਖਣ ਦਾ ਜਜ਼ਬਾ ਵੀ ਜਗਾਇਆ। ਉਹ ਸਮਝਦੇ ਸਨ ਕਿ ਸਿੱਖਿਆ ਇੱਕ ਅਜਿਹਾ ਹਥਿਆਰ ਹੈ ਜਿਸ ਨਾਲ ਅਸੀਂ ਆਪਣੇ ਅਧਿਕਾਰਾਂ ਦੀ ਲੜਾਈ ਕਰ ਸਕਦੇ ਹਾਂ। ਭਗਤ ਸਿੰਘ ਨੇ ਕਈ ਭਾਸ਼ਾਵਾਂ ਅਤੇ ਵਿਦਿਆਵਾਂ ਵਿੱਚ ਦਖਲ ਪਾਇਆ। ਉਹ ਸਮਾਜਿਕ ਅਤੇ ਰਾਜਨੀਤਕ ਕਿਤਾਬਾਂ ਨੂੰ ਪੜ੍ਹ ਕੇ ਆਪਣੇ ਵਿਚਾਰਾਂ ਨੂੰ ਮਜ਼ਬੂਤ ਕਰਦੇ ਗਏ। ਉਨ੍ਹਾਂ ਨੇ ਭਾਰਤੀ ਸਵੈ-ਸ਼ਾਸਨ ਅਤੇ ਆਜ਼ਾਦੀ ਲਈ ਜੇਹੜੇ ਸੰਕਲਪ ਸਿੱਖੇ, ਉਹਨਾਂ ਨੇ ਕਦੇ ਵੀ ਆਪਣੇ ਮਨ ਵਿੱਚ ਸ਼ੱਕ ਨਹੀਂ ਆਉਣ ਦਿੱਤਾ।

**ਕ੍ਰਾਂਤੀ ਦੀ ਸ਼ੁਰੂਆਤ :** ਭਗਤ ਸਿੰਘ ਨੇ ਬਚਪਨ ਵਿੱਚ ਹੀ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਵੱਡੇ-ਵੱਡੇ ਸੁਪਨੇ ਦੇਖੇ। ਜਦੋਂ ਉਹ ਛੋਟੇ ਸਨ, ਤਦ ਉਹਨਾਂ ਨੇ ਜਲਿਆਂਵਾਲਾ ਬਾਗ ਹੱਤਿਆਕਾਂਡ ਦੇ ਬਾਰੇ ਵਿਚਾਰ ਕੀਤਾ, ਜੋ ਉਨ੍ਹਾਂ ਦੇ ਮਨ ਵਿੱਚ ਅੰਗ੍ਰੇਜ਼ਾਂ ਵਿਰੁੱਧ ਗੁੱਸਾ ਜਗਾਉਣ ਵਾਲਾ ਮਾਮਲਾ ਸੀ ਉਹਨਾਂ ਨੇ ਨੌਜਵਾਨਾਂ ਨੂੰ ਸੰਗਠਿਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਅਨਿਆਂ ਦੇ ਖਿਲਾਫ ਅੰਮ੍ਰਿਤਸਰ ਦੇ ਜਲਿਆਂਵਾਲਾ ਬਾਗ ਹੱਤਿਆਕਾਂਡ ਤੋਂ ਬਾਅਦ ਅਜ਼ਾਦੀ ਦੀ ਲਹਿਰ ਨੂੰ ਤੇਜ਼ ਕੀਤਾ। ਭਗਤ ਸਿੰਘ ਨੇ ਕਈ ਰਾਜਨੀਤਕ ਗਤੀਵਿਧੀਆਂ ਵਿੱਚ ਹਿੱਸਾ ਲਿਆ ਅਤੇ ਗੈਰ-ਹਿੰਸਕ ਤੇ ਕਾਨੂੰਨੀ ਲੜਾਈ ਦੇ ਰਾਹ ਨੂੰ ਅਪਣਾਇਆ।

**ਅਜ਼ਾਦੀ ਲਈ ਯੁੱਧ: ਬਾਲ ਗੰਗਾਧਰ ਤਿਲਕ, ਲਾਲਾ ਲਾਜਪਤ ਰਾਏ ਅਤੇ ਭਗਤ ਸਿੰਘ :** ਭਗਤ ਸਿੰਘ ਨੇ ਬਾਲ ਗੰਗਾਧਰ ਤਿਲਕ ਅਤੇ ਲਾਲਾ ਲਾਜਪਤ ਰਾਏ ਵਰਗੇ ਮਹਾਨ ਆਜ਼ਾਦੀ ਸੈਨਾਨੀਆਂ ਤੋਂ ਬਹੁਤ ਪ੍ਰੇਰਨਾ ਲਈ। ਉਹਨਾਂ ਦੀਆਂ ਬੋਲੀਆਂ ਅਤੇ ਲਿਖਤਾਂ ਨੇ ਭਗਤ ਸਿੰਘ ਨੂੰ ਸਿਖਾਇਆ ਕਿ ਅਜ਼ਾਦੀ ਲਈ ਲੜਾਈ ਕਿਵੇਂ ਕਰਨੀ ਚਾਹੀਦੀ ਹੈ—ਹਿੰਸਾ ਦੇ ਵਿਰੁੱਧ, ਪਰ ਅਹਿੰਸਾ ਦੀ ਰਾਹ 'ਤੇ ਨਹੀਂ। ਭਗਤ ਸਿੰਘ ਨੇ ਸਮਝਿਆ ਕਿ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਨੌਜਵਾਨਾਂ ਨੂੰ ਇੱਕਠਾ ਹੋਣਾ ਅਤੇ ਇੱਕ ਜਜ਼ਬੇ ਨਾਲ ਲੜਨਾ ਪਵੇਗਾ। ਇਸ ਲਈ ਉਹਨਾਂ ਨੇ ਹਿੰਦੁਸਤਾਨ ਸੋਸ਼ਿਲਸਟ ਰੀਪਬਲਿਕਨ ਐਸੋਸੀਏਸ਼ਨ ਬਣਾਈ, ਜਿਸਦਾ ਮਕਸਦ ਸੀ ਅਜ਼ਾਦੀ ਲਈ ਲੜਾਈ ਨੂੰ ਤੇਜ਼ ਕਰਨਾ।

**ਜੇਲ੍ਹ ਅਤੇ ਸ਼ਹਾਦਤ :** ਭਗਤ ਸਿੰਘ ਦੀ ਜ਼ਿੰਦਗੀ ਦਾ ਸਭ ਤੋਂ ਮੁੱਖ ਮੋੜ ਉਸ ਵੇਲੇ ਆਇਆ ਜਦੋਂ ਉਹ 1929 ਵਿੱਚ ਅੰਗ੍ਰੇਜ਼ ਸਰਕਾਰ ਨੂੰ ਅੱਖਰ-ਅੱਖਰ ਦੇ ਕੇ ਸਿੱਧ ਕਰਨਾ ਚਾਹੁੰਦੇ ਸਨ ਕਿ ਉਹ ਕਿਸੇ ਵੀ ਹਾਲਤ ਵਿੱਚ ਅਜ਼ਾਦੀ ਦੇ ਇਰਾਦੇ ਤਿਆਗਣਗੇ ਨਹੀਂ। ਉਹਨਾਂ ਨੇ ਲਾਹੌਰ ਵਿੱਚ ਅੰਗਰੇਜ਼ ਹਾਕਮਾਂ 'ਤੇ ਗੋਲੀਆਂ ਚਲਾਈਆਂ, ਨਾ ਕਿ ਕਿਸੇ ਨੂੰ ਮਾਰਨ ਲਈ, ਪਰ ਆਪਣੇ ਇਰਾਦੇ ਨੂੰ ਜਤਾਉਣ ਲਈ। ਉਨ੍ਹਾਂ ਨੂੰ ਜੇਲ੍ਹ ਵਿੱਚ ਕਈ ਸਖਤ ਸਜ਼ਾਵਾਂ ਭੁਗਤਣੀਆਂ ਪਈਆਂ। ਪਰ ਉਹ ਕਦੇ ਵੀ ਨਹੀਂ ਡਿਗੇ। ਜੇਲ੍ਹ ਵਿੱਚ ਉਹਨਾਂ ਨੇ ਕਈ ਕਿਤਾਬਾਂ ਪੜ੍ਹੀਆਂ ਅਤੇ ਅਪਣੇ ਵਿਚਾਰਾਂ ਨੂੰ ਹੋਰ ਮਜ਼ਬੂਤ ਕੀਤਾ। ਅੰਤ ਵਿੱਚ 23 ਮਾਰਚ 1931 ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਸ਼ਹਾਦਤ ਪਾਈ।

**ਭਗਤ ਸਿੰਘ ਤੋਂ ਸਿੱਖਣ ਵਾਲੀ ਸਿਖਿਆ**

ਪਿਆਰੇ ਵਿਦਿਆਰਥੀਆਂ,

ਭਗਤ ਸਿੰਘ ਸਾਨੂੰ ਸਿਖਾਉਂਦੇ ਹਨ ਕਿ ਜ਼ਿੰਦਗੀ ਵਿੱਚ ਹਿੰਮਤ ਕਿਵੇਂ ਰੱਖਣੀ ਚਾਹੀਦੀ ਹੈ। ਉਹ ਸਾਡਾ ਮਿਸਾਲ ਹਨ ਕਿ ਜਦੋਂ ਅਸੀਂ ਆਪਣੇ ਹੱਕਾਂ ਲਈ ਖੜ੍ਹ ਹੁੰਦੇ ਹਾਂ, ਤਾਂ ਸਾਡੀ ਲੋੜ ਹੁੰਦੀ ਹੈ ਇਕਾਗ੍ਰਤਾ ਅਤੇ ਦ੍ਰਿੜ ਨਿਸ਼ਚੈ ਦੀ। ਉਹ ਸਾਨੂੰ ਦੱਸਦੇ ਹਨ ਕਿ ਸਿੱਖਿਆ ਸਿਰਫ਼ ਕਿਤਾਬਾਂ ਤੱਕ ਸੀਮਿਤ ਨਹੀਂ, ਸਗੋਂ ਉਹ ਸਾਡਾ ਜੀਵਨ ਜਿਉਣ ਦਾ ਤਰੀਕਾ ਵੀ ਹੈ।

**ਭਗਤ ਸਿੰਘ ਦੀ ਜ਼ਿੰਦਗੀ ਤੋਂ ਅਸੀਂ ਇਹ ਸਿੱਖਦੇ ਹਾਂ:**

ਹਿੰਮਤ ਅਤੇ ਧੀਰਜ—ਕਿਸੇ ਵੀ ਮੁਸ਼ਕਲ ਨੂੰ ਹਾਰ ਮੰਨਣ ਦੀ ਬਜਾਏ ਹਿੰਮਤ ਨਾਲ ਸਾਹਮਣਾ ਕਰਨਾ ਚਾਹੀਦਾ ਹੈ।

ਸੱਚਾਈ ਲਈ ਲੜਾਈ—ਸੱਚ ਦੀ ਰੱਖਿਆ ਕਰਨ ਵਾਲੇ ਕਦੇ ਵੀ ਹਾਰਦੇ ਨਹੀਂ।

ਨਿਸ਼ਚੈ ਅਤੇ ਸਮਰਪਣ—ਜੇ ਤੁਸੀਂ ਆਪਣੇ ਟੀਚੇ ਨੂੰ ਪੂਰੀ ਲਗਨ ਨਾਲ ਹਾਸਲ ਕਰਨਾ ਚਾਹੁੰਦੇ ਹੋ, ਤਾਂ ਸਮਰਪਣ ਜ਼ਰੂਰੀ ਹੈ।

ਸਿੱਖਿਆ ਦੀ ਅਹਿਮੀਅਤ—ਸਿੱਖਿਆ ਸਿਰਫ਼ ਗਿਆਨ ਨਹੀਂ, ਬਲਕਿ ਸ਼ਕਤੀ ਹੈ।

**ਅੰਤਿਮ ਸ਼ਬਦ**

ਅੱਜ ਜਦੋਂ ਤੁਸੀਂ ਭਗਤ ਸਿੰਘ ਦੀ ਜ਼ਿੰਦਗੀ ਬਾਰੇ ਸੋਚਦੇ ਹੋ, ਤਾਂ ਯਾਦ ਰੱਖੋ ਕਿ ਉਹ ਇੱਕ ਸਧਾਰਨ ਨੌਜਵਾਨ ਸਨ ਜੋ ਆਪਣੇ ਦੇਸ਼ ਦੀ ਖਾਤਰ ਆਪਣੀ ਜ਼ਿੰਦਗੀ ਤਿਆਗਣ ਲਈ ਤਿਆਰ ਹੋ ਗਏ। ਉਹ ਸਾਨੂੰ ਸਿਖਾਉਂਦੇ ਹਨ ਕਿ ਜੇ ਅਸੀਂ ਦਿਲੋਂ ਚਾਹੁੰਦੇ ਹਾਂ, ਤਾਂ ਕੋਈ ਵੀ ਮੁਸ਼ਕਲ ਸਾਡੀ ਰਾਹ ਵਿੱਚ ਰੁਕਾਵਟ ਨਹੀਂ ਬਣ ਸਕਦੀ। ਇਸ ਲਈ ਪਿਆਰੇ ਵਿਦਿਆਰਥੀਆਂ, ਸਦਾ ਆਪਣੀਆਂ ਗੱਲਾਂ ਅਤੇ ਸੁਪਨਿਆਂ ਦੇ ਪਿੱਛੇ ਲੱਗੋ, ਭਗਤ ਸਿੰਘ ਵਰਗੇ ਸ਼ਹੀਦਾਂ ਨੂੰ ਯਾਦ ਰੱਖੋ ਅਤੇ ਆਪਣੇ ਆਪ ਨੂੰ ਕਦੇ ਵੀ ਨਿਰਾਸ਼ ਨਾ ਹੋਣ ਦਿਓ। ਆਪਣੇ ਅਧਿਆਪਕ ਦੀ ਤਰਫੋਂ ਤੁਹਾਨੂੰ ਇਹ ਸਿਖਿਆ ਮਿਲੇ ਕਿ ਸਿੱਖਿਆ ਅਤੇ ਜਜ਼ਬਾ ਜ਼ਿੰਦਗੀ ਦੇ ਸਭ ਤੋਂ ਵੱਡੇ ਹਥਿਆਰ ਹਨ। ਚਲੋ, ਭਗਤ ਸਿੰਘ ਦੀਆਂ ਅਹਿਮ ਵਿਰਾਸਤਾਂ ਨੂੰ ਅਪਣਾਈਏ ਅਤੇ ਆਪਣੀ ਜ਼ਿੰਦਗੀ ਨੂੰ ਉਨ੍ਹਾਂ ਦੀ ਤਰ੍ਹਾਂ ਪ੍ਰੇਰਣਾਦਾਇਕ ਬਣਾਈਏ। ਜੇ ਤੁਹਾਨੂੰ ਇਹ ਲੇਖ ਪਸੰਦ ਆਇਆ, ਤਾਂ ਕਿਰਪਾ ਕਰਕੇ ਆਪਣੀ ਰਾਏ ਦਿਓ ਅਤੇ ਭਗਤ ਸਿੰਘ ਦੀਆਂ ਕਹਾਣੀਆਂ ਹੋਰ ਨੌਜਵਾਨਾਂ ਨਾਲ ਵੀ ਸਾਂਝੀਆਂ ਕਰੋ। ਇਸ ਤਰ੍ਹਾਂ ਸਾਡੇ ਮਹਾਨ ਨੌਜਵਾਨ ਸਦੀ ਦੇ ਹਰ ਕੋਨੇ ਤੱਕ ਉਹਨਾਂ ਦੀਆਂ ਕਹਾਣੀਆਂ ਪਹੁੰਚ ਸਕਣਗੀਆਂ।



**-ਲਖਵੀਰ ਸਿੰਘ ਸੇਖੋਂ, ਐੱਸ ਐੱਸ ਮਾਸਟਰ**
**ਸ਼ਹੀਦ ਲਾਸ਼ ਨਾਇਕ ਕੁਲਦੀਪ ਸਿੰਘ ਸਰਕਾਰੀ**
**ਕੰਨਿਆ ਸਕੂਲ, ਕੌਰੇਆਣਾ**

### ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਜਾਰੀ ਮੁਹਿੰਮ ਤਹਿਤ ਹਲਕਾ ਰਾਜਪੁਰਾ ਤੋਂ

# ਸਟੇਟ ਅਤੇ ਜ਼ਿਲੇ ਲਈ ਡੈਲੀਗੇਟ ਚੋਣ ਸਰਬ ਸੰਮਤੀ ਨਾਲ ਸੰਪੰਨ

## ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੂੰ 11 ਅਗਸਤ ਦੀ ਬੇਸਬਰੀ ਨਾਲ ਉਡੀਕ, ਭਰਤੀ ਕਮੇਟੀ ਇਤਿਹਾਸ ਲਿਖਣ ਦੇ ਨੇੜੇ ਪਹੁੰਚੀ












ਰਾਜਪੁਰਾ () ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦੋ ਦਸੰਬਰ 2024 ਨੂੰ ਹੋਏ ਆਦੇਸ਼ਾਂ ਤਹਿਤ ਬਣੀ ਭਰਤੀ ਕਮੇਟੀ ਮੈਂਬਰਾਂ ਵੱਲੋ ਸਾਰੇ ਵਿਧਾਨ ਹਲਕਿਆਂ ਲਈ ਸਟੇਟ ਅਤੇ ਜ਼ਿਲਾ ਡੈਲੀਗੇਟ ਦੀ ਚੋਣ ਜਾਰੀ ਹੈ। ਇਸ ਲੜੀ ਦੇ ਤਹਿਤ ਅੱਜ ਵਿਧਾਨ ਸਭਾ ਹਲਕਾ ਰਾਜਪੁਰਾ ਲਈ ਡੈਲੀਗੇਟ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਜ਼ਿਲੇ ਦੇ ਆਬਜ਼ਰਵਰ ਜੱਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਕੀਤੀ। ਹਲਕਾ ਰਾਜਪੁਰਾ ਤੋਂ ਬਣੇ ਡੈਲੀਗੇਟ ਵਿਚੋਂ ਚਾਰ ਡੈਲੀਗੇਟ ਦੀ ਚੋਣ ਸਟੇਟ ਲਈ ਕੀਤੀ ਗਈ ਜਦੋਂ ਕਿ 6 ਜ਼ਿਲਾ ਜੱਥੇਬੰਦੀ ਲਈ ਡੈਲੀਗੇਟ ਚੁਣੇ ਗਏ, ਉਥੇ ਹੀ ਇੱਕ ਡੈਲੀਗੇਟ ਨੂੰ ਸਪੈਸ਼ਲ ਇਨਵਾਈ ਦੇ ਤੌਰ ਤੇ ਚੁਣਿਆ ਗਿਆ। ਇਹ ਸਾਰੀ ਪ੍ਰਕਿਰਿਆ ਪੂਰਨ ਸਰਬਸੰਮਤੀ ਨਾਲ ਅਤੇ ਸਾਰੇ ਹੀ ਹਾਜ਼ਰ ਡੈਲੀਗੇਟ ਦੀ ਹਾਜ਼ਰੀ ਵਿੱਚ ਪੂਰੀ ਕੀਤੀ ਗਈ। ਇਸ ਮੌਕੇ ਜ਼ਿਲਾ ਆਬਜ਼ਰਵਰ ਜੱਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਭਰਤੀ ਅਰਭੰਤਾ ਤੋਂ ਲੈਕੇ ਹੁਣ ਤੱਕ ਸੰਗਤ ਵੱਲੋ ਜਿੱਥੇ ਬੇ ਅਥਾਹ ਪਿਆਰ, ਸਤਿਕਾਰ ਦਿੱਤਾ ਗਿਆ ਹੈ ਉਥੇ ਹੀ ਵਧੇਰੇ ਜ਼ਿੰਮੇਵਾਰੀ ਵੀ ਮਿਲੀ ਹੈ। ਸੰਗਤ ਦੇ ਵਿਸ਼ਵਾਸ ਨਾਲ ਜਿੱਥੇ ਇਸ ਜ਼ਿੰਮੇਵਾਰੀ ਨੂੰ ਪੂਰਨ ਇਮਾਨਦਾਰੀ ਨਾਲ ਪੂਰਾ ਕੀਤਾ ਜਾਵੇਗਾ ਉਥੇ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਪੰਥ ਪ੍ਰਸਤ ਅਤੇ ਪੰਜਾਬ ਦਰਦੀ ਪ੍ਰਧਾਨ ਦਿੱਤਾ ਜਾਵੇਗਾ। ਜੱਥੇਦਾਰ ਝੂੰਦਾਂ ਨੇ ਕਿਹਾ ਦੇਸ਼ ਵਿਦੇਸ਼ ਵਿੱਚ ਬੈਠੇ ਪੰਜਾਬੀਆਂ ਦੀ ਨਜ਼ਰ 11 ਅਗਸਤ ਤੇ ਲੱਗੀ ਹੋਈ ਹੈ। ਇਸ ਦਿਨ ਇਤਿਹਾਸ ਲਿਖਿਆ ਜਾਵੇਗਾ। ਜਦੋਂ ਇਤਿਹਾਸ ਦੇ ਵਿੱਚ 11 ਅਗਸਤ ਦਾ ਪੰਨਾ ਦਰਜ ਹੋਵੇਗਾ ਤਾਂ ਕੌਮ, ਪੰਥ ਅਤੇ ਪੰਜਾਬ ਦੀ ਤਕਦੀਰ ਲਾਜ਼ਮੀ ਬਦਲਦੀ ਨਜਰ ਆਵੇਗੀ। ਇਸ ਮੌਕੇ ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਜਿਥੇ ਹਾਜ਼ਰ ਸੰਗਤ ਦਾ ਧੰਨਵਾਦ ਕੀਤਾ ਉਥੇ ਹੀ ਪੂਰਨ ਆਸ ਪ੍ਰਗਟ ਕੀਤੀ ਕਿ ਜਿਹੜਾ ਸੁਪਨਾ ਅਕਾਲੀ ਹਿਤੈਸ਼ੀ ਸੋਚ ਦੇ ਲੋਕ ਵੇਖ ਰਹੇ ਹਨ, ਉਸ ਨੂੰ ਭਰਤੀ ਕਮੇਟੀ ਪੂਰਾ ਕਰਕੇ ਨਵੇਂ ਅਧਿਆਏ ਦੀ ਸ਼ੁਰੂਆਤ ਕਰੇਗੀ। ਹਲਕਾ ਇੰਚਾਰਜ ਸਰਦਾਰ ਚਰਨਜੀਤ ਸਿੰਘ ਬਰਾੜ ਨੇ ਕਿਹਾ ਹਲਕੇ ਦੀ ਭੂਗੋਲਿਕ ਸਥਿਤੀ ਅਤੇ ਰਾਜਸੀ ਸਥਿਤੀ ਤੇ ਚਾਨਣਾ ਪਾਉਂਦੇ ਕਿਹਾ ਕਿ ਇਹ ਹਲਕਾ ਸ਼੍ਰੋਮਣੀ ਅਕਾਲੀ ਦਲ ਲਈ ਬੇਗਾਨਗੀ ਵਾਲਾ ਰਿਹਾ। ਇਸ ਹਲਕੇ ਤੋਂ ਕਦੇ ਅਕਾਲੀ ਦਲ ਨੇ ਆਪਣਾ ਹੱਕ ਹੀ ਨਹੀਂ ਜਤਾਇਆ ਜਿਸ ਦੀ ਵਜਾ ਰਹੀ ਕਿ ਇਥੇ ਅਕਾਲੀ ਸੋਚ ਦੇ ਵਰਕਰ ਲਗਾਤਾਰ ਨਿਰਾਸ਼ਾ ਵਿੱਚ ਜਾਂਦੇ ਰਹੇ। ਸਰਦਾਰ ਬਰਾੜ ਨੇ ਕਿਹਾ ਕਿ ਬੇਸ਼ਕ ਸਿਆਸੀ ਗਠਜੋੜ ਤਹਿਤ ਇਹ ਹਲਕਾ ਬੀਜੇਪੀ ਕੋਲ ਰਿਹਾ ਪਰ ਸਾਡੀ ਲੀਡਰਸ਼ਿਪ ਨੇ ਵੀ ਹਲਕੇ ਨੂੰ ਸੇਵਾਦਾਰ ਨਾ ਦੇਕੇ ਵਰਕਰਾਂ ਦੀਆਂ ਭਾਵਨਾਵਾਂ ਨੂੰ ਪੂਰਾ ਨਹੀਂ ਕੀਤਾ। ਸਰਦਾਰ ਬਰਾੜ ਨੇ ਭਰਤੀ ਮੁਹਿੰਮ ਨੂੰ ਹਲਕੇ ਤੋ ਮਿਲੇ ਸਮਰਥਨ ਅਤੇ ਸਹਿਯੋਗ ਲਈ ਜਿੱਥੇ ਸਭ ਦਾ ਧੰਨਵਾਦ ਕੀਤਾ ਉਥੇ ਦੀ ਆਬਰਜਵਰ ਦੇ ਤੌਰ ਤੇ ਪਹੁੰਚੇ ਜੱਥੇਦਾਰ ਇਕਬਾਲ ਸਿੰਘ ਝੂੰਦਾਂ ਨੂੰ ਵਿਸ਼ਵਾਸ਼ ਵੀ ਦਿੱਤਾ ਕਿ ਜਿਸ ਕਾਰਜ ਲਈ ਭਰਤੀ ਕਮੇਟੀ ਵਲੋ ਸੰਘਰਸ਼ ਕੀਤਾ ਜਾ ਰਿਹਾ ਹੈ,ਉਸ ਲਈ ਹਲਕੇ ਦੇ ਲੋਕ ਹਮੇਸ਼ਾ ਨਾਲ ਖੜੇ ਹਨ। ਸ: ਅਬਰਿੰਦਰ ਸਿੰਘ ਕੰਗ ਵੱਲੋਂ ਜੀ ਆਇਆਂ ਆਖਿਆ ਗਿਆ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਗੁ: ਧੋਬੜੀ ਸਾਹਿਬ ਆਸਾਮ ਤੋਂ ਗੁ: ਸੀਸ ਗੰਜ ਸਾਹਿਬ ਅਨੰਦਪੁਰ ਸਾਹਿਬ ਤੱਕ ਵਿਸ਼ਾਲ ਨਗਰ ਕੀਰਤਨ ਸਜਾਉਣ ਲਈ

# ਝਾਂਸੀ ਵਿਖੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਸੰਗਤਾਂ ਨਾਲ ਮੀਟਿੰਗਾਂ ਕੀਤੀਆਂ











**ਝਾਂਸੀ, 24 ਜੁਲਾਈ (ਆਵਾਜ਼ਿ ਕੌਮ ਬਿਊਰੋ)**– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ ਹਰਜਿੰਦਰ ਸਿੰਘ ਜੀ ਧਾਮੀ ਦੇ ਦਿਸ਼ਾ ਨਿਰਦੇਸ਼ ਅਤੇ ਸ੍ਰ ਬਲਵਿੰਦਰ ਸਿੰਘ ਕਾਹਲਵਾਂ ਸਕੱਤਰ ਧਰਮ ਪ੍ਰਚਾਰ ਕਮੇਟੀ ਦੀ ਅਗਵਾਈ ਹੇਠ ਸ੍ਰੀ ਗੁਰੂ ਤੇਗ. ਬਹਾਦੁਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਗੁਰਪੁਰਬ ਅਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਤਾਬਦੀ ਸਮਾਗਮ ਸਬੰਧੀ ਗੁ: ਧੋਬੜੀ ਸਾਹਿਬ ਆਸਾਮ ਤੋਂ ਗੁ: ਸੀਸ ਗੰਜ ਸਾਹਿਬ ਅਨੰਦਪੁਰ ਸਾਹਿਬ ਤੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ । ਇਸ ਸਬੰਧੀ ਗੁਰਦੁਆਰਾ ਗੁਰੂ ਕਾ ਤਾਲ ਆਗਰਾ, ਗੁਰਦੁਆਰਾ ਸ਼ੇਰ ਸ਼ਿਕਾਰ ਧੌਲਪੁਰ, ਗੁਰਦੁਆਰਾ ਦਾਤਾ ਬੰਦੀ ਛੋੜ ਸਾਹਿਬ ਗਵਾਲੀਅਰ, ਗੁਰਦੁਆਰਾ ਸਾਹਿਬ ਡਬਰਾ, ਗੁਰਦੁਆਰਾ ਸਾਹਿਬ ਦੱਤੀਆ, ਗੁਰਦੁਆਰਾ ਸਿੰਘ ਸਭਾ ਸੀਪਰੀ ਬਜ਼ਾਰ ਝਾਂਸੀ ਵਿਖੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਸੰਗਤਾਂ ਨਾਲ ਮੀਟਿੰਗਾਂ ਕੀਤੀਆਂ। ਸਮੂਹ ਸੰਗਤਾਂ ਅਤੇ ਪ੍ਰਬੰਧਕਾਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ ਮਹਾਨ ਉਪਰਾਲੇ ਦੀ ਸ਼ਲਾਘਾ ਕੀਤੀ ਜਾ ਰਹੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### ਸੰਤ ਕਰਤਾਰ ਸਿੰਘ ਮੈਮੋਰੀਅਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ

# ਮਨਾਇਆ ਅੰਤਰਰਾਸ਼ਟਰੀ ਚੰਦਰਮਾ ਦਿਵਸ

**ਫ਼ਿਰੋਜ਼ਪੁਰ, 24 ਜੁਲਾਈ (ਮਨੋਹਰ ਲਾਲ)** :— ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਸੰਤ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਅੰਤਰਰਾਸ਼ਟਰੀ ਚੰਦਰਮਾ ਦਿਵਸ ਮਨਾਇਆ ਗਿਆ। ਇਸ ਸਮਾਗਮ ਵਿੱਚ ਵਿਦਿਆਰਥੀਆਂ ਨੇ ਵੱਧ—ਚੜ ਕੇ ਭਾਗ ਲਿਆ ਅਤੇ ਵਿਦਿਆਰਥੀਆਂ ਵੱਲੋਂ ਵੱਖ—ਵੱਖ ਮਾਡਲ ਤਿਆਰ ਕੀਤੇ ਗਏ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਵੱਲੋਂ ਪੇਂਟਿੰਗ ਕੀਤੀ ਗਈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਸੂਰਜੀ ਪ੍ਰਣਾਲੀਆਂ, ਚੰਦਰਮਾ ਦੇ ਪੜਾਅ, ਤਾਰਾਮੰਡਲ, ਸਪੇਸ ਸ਼ਟਲ, ਦਿਨ ਅਤੇ ਰਾਤ ਦੇ ਚੱਕਰ ਅਤੇ ਮੌਸਮੀ ਤਬਦੀਲੀਆਂ ਦਾ ਪ੍ਰਦਰਸ਼ਨ ਚਾਰਟ ਬਣਾ ਕੇ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਤੇ ਭਾਈ ਵੀਰਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਅੰਤਰਰਾਸ਼ਟਰੀ ਚੰਦਰਮਾ ਦਿਵਸ 1969 ਵਿੱਚ ਅਪੋਲੋ 11 ਚੰਦਰਮਾ ਤੇ ਉਤਰਨ ਦੀ ਵਰ੍ਹੇਗੰਢ ਨੂੰ ਮਨਾਉਣ ਵਾਲੇ ਸੰਯੁਕਤ ਰਾਸ਼ਟਰ ਦੁਆਰਾ ਨਿਰਧਾਰਤ ਸਮਾਰੋਹ ਦੇ ਅਨੁਸਾਰ ਮਨਾਇਆ ਜਾਂਦਾ ਹੈ। ਇਸ ਮੌਕੇ ਸਕੂਲ ਵਿਦਿਆਰਥੀਆਂ ਅਤੇ ਅਧਿਆਪਕ ਸਾਹਿਬਾਨਾਂ ਦੇ ਸਹਿਯੋਗ ਨਾਲ ਪ੍ਰਦਰਸ਼ਨ ਲਗਾਈ।





ਆਵਾਜ਼ਿ ਕੌਮ AWAZE QAUM International Newspaper & WEB TV

# ਬ੍ਰਿਟੇਨ ਸਰਕਾਰ ਦਰਬਾਰ ਸਾਹਿਬ ਵਿਖ਼ੇ ਹੋਏ ਕਤਲੇਆਮ ਵਿੱਚ ਯੂਕੇ ਦੀ ਸ਼ਮੂਲੀਅਤ ਦੀ ਜਾਂਚ ਦਾ ਐਲਾਨ ਕਰੇ ਨਹੀਂ ਤਾਂ "ਨੋ ਸਿੱਖ ਪਲੇਟਫਾਰਮ" ਹੋਵੇਗਾ ਲਾਗੂ: ਸਿੱਖ ਫੈਡਰੇਸ਼ਨ ਯੂਕੇ




**ਨਵੀਂ ਦਿੱਲੀ 24 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:- ਸਿੱਖ ਫੈਡਰੇਸ਼ਨ ਪਿਛਲੇ ਲੰਮੇ ਸਮੇਂ ਤੋਂ ਜੂਨ 84 ਵਿਚ ਦਰਬਾਰ ਸਾਹਿਬ ਤੇ ਹੋਏ ਫੌਜੀ ਹਮਲੇ ਵਿਚ ਬ੍ਰਿਟੇਨ ਦੀ ਭੂਮਿਕਾ ਬਾਰੇ ਜਾਂਚ ਦੀ ਮੰਗ ਕਰ ਰਹੀ ਹੈ ਅਤੇ ਇਸ ਦੀ ਜਾਂਚ ਦਾ ਵਾਅਦਾ ਪਿਛਲੇ ਸਾਲ ਆਮ ਚੋਣਾਂ ਤੋਂ ਪਹਿਲਾਂ ਮੌਜੂਦਾ ਪੀਐਮ ਕੀਰ ਸਟਾਰਮਰ ਵਲੋਂ ਕੀਤਾ ਗਿਆ ਸੀ। ਸੈਂਕੜੇ ਸਿੱਖ ਸਮੂਹ ਸਰਕਾਰ ਨੂੰ ਚੇਤਾਵਨੀ ਦੇ ਰਹੇ ਹਨ ਕਿ ਜੇਕਰ ਸਰਕਾਰ ਦਰਬਾਰ ਸਾਹਿਬ ਵਿਖ਼ੇ ਹੋਏ ਕਤਲੇਆਮ ਵਿੱਚ ਯੂਕੇ ਦੀ ਕਥਿਤ ਸ਼ਮੂਲੀਅਤ ਅਤੇ ਥੈਚਰ ਯੁੱਗ ਦੌਰਾਨ ਭਾਰਤ ਦੁਆਰਾ ਕੀਤੇ ਗਏ ਹੋਰ "ਸਿੱਖ ਵਿਰੋਧੀ ਉਪਾਵਾਂ" ਦੀ ਜਾਂਚ ਦਾ ਐਲਾਨ ਨਹੀਂ ਕਰਦੀ ਹੈ ਤਾਂ ਉਹ ਲੇਬਰ ਸੰਸਦ ਮੈਂਬਰਾਂ ਨੂੰ "ਕੋਈ ਪਲੇਟਫਾਰਮ ਨਹੀਂ" ਦੇਣਗੇ। ਇਹ ਕਾਲਾਂ 1984 ਦੇ ਕਤਲੇਆਮ ਵਿੱਚ ਯੂਕੇ ਅਤੇ ਬ੍ਰਿਟਿਸ਼ ਵਿਸ਼ੇਸ਼ ਬਲਾਂ ਦੀ ਭੂਮਿਕਾ ਬਾਰੇ ਸਵਾਲਾਂ ਨਾਲ ਸਬੰਧਤ ਹਨ, ਜਿਸ ਵਿੱਚ ਭਾਰਤੀ ਫੌਜ ਦੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਦਾਖਲ ਹੋਣ ਤੋਂ ਬਾਅਦ ਸੈਂਕੜੇ ਸਿੱਖ ਮਾਰੇ ਗਏ ਸਨ ਜਿੱਥੇ ਖਾੜਕੂ ਸਿੰਘਾਂ ਨੇ ਸ਼ਰਨ ਲਈ ਸੀ। ਡੇਵਿਡ ਕੈਮਰਨ ਦੇ ਅਧੀਨ ਪਿਛਲੀਆਂ ਸੀਮਤ ਜਾਂਚਾਂ ਵਿੱਚ ਪਾਇਆ ਗਿਆ ਕਿ ਇੱਕ ਬ੍ਰਿਟਿਸ਼ ਅਧਿਕਾਰੀ ਨੇ ਛਾਪੇਮਾਰੀ ਤੋਂ ਪਹਿਲਾਂ ਭਾਰਤ ਸਰਕਾਰ ਨੂੰ ਸਲਾਹ ਦਿੱਤੀ ਸੀ ਪਰ ਆਪਰੇਸ਼ਨ ਵਿੱਚ ਯੂਕੇ ਸਰਕਾਰ ਦੀ ਸ਼ਮੂਲੀਅਤ ਦਾ ਕੋਈ ਸਬੂਤ ਨਹੀਂ ਸੀ। ਬੀਤੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਨੂੰ ਪੱਤਰ ਲਿਖਦੇ ਹੋਏ, ਸਿੱਖ ਫੈਡਰੇਸ਼ਨ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਜੱਜ ਦੀ ਅਗਵਾਈ ਵਾਲੀ ਜਾਂਚ ਦੀ ਸਮਾਂ-ਸੀਮਾ ਅਗਲੇ ਹਫ਼ਤੇ 31 ਜੁਲਾਈ ਤੱਕ ਪੁਸ਼ਟੀ ਕੀਤੀ ਜਾਵੇ। ਇਹ ਪੱਤਰ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯੂਕੇ ਦੌਰੇ ਤੋਂ ਪਹਿਲਾਂ ਡਾਊਨਿੰਗ ਸਟਰੀਟ ਨੂੰ ਭੇਜਿਆ ਗਿਆ ਸੀ। ਪੱਤਰ ਵਿਚ ਦੋਸ਼ ਲੱਗੇ ਹਨ ਕਿ ਸ੍ਰੀ ਮੋਦੀ ਦੀ ਸਰਕਾਰ ਨੇ ਵੱਖਵਾਦੀ ਸਿੱਖ ਲਹਿਰ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਵਿੱਚ ਯੂਕੇ ਅਤੇ ਕੈਨੇਡਾ ਵਰਗੇ ਹੋਰ ਦੇਸ਼ਾਂ ਵਿੱਚ ਸਿੱਖਾਂ ਉਪਰ ਕੀਤਾ ਗਿਆ ਦਮਨ ਵੀ ਸ਼ਾਮਲ ਹੈ। ਜਿਕਰਯੋਗ ਹੈ ਕਿ ਸਰ ਕੀਰ ਨੇ 2022 ਵਿੱਚ ਸਾਰੇ ਗੁਰਦੁਆਰਿਆਂ, ਸਿੱਖ ਧਾਰਮਿਕ ਸਥਾਨਾਂ ਅਤੇ ਸਿੱਖ ਸੰਗਠਨਾਂ ਨੂੰ ਲਿਖਿਆ ਸੀ ਕਿ "ਭਵਿੱਖ ਦੀ ਲੇਬਰ ਸਰਕਾਰ 1984 ਵਿੱਚ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ 'ਤੇ ਭਾਰਤੀ ਫੌਜ ਦੇ ਹਮਲੇ ਵਿੱਚ ਬ੍ਰਿਟੇਨ ਦੀ ਫੌਜੀ ਭੂਮਿਕਾ ਦੀ ਇੱਕ ਸੁਤੰਤਰ ਜਾਂਚ ਸ਼ੁਰੂ ਕਰੇਗੀ÷। ਐਂਜੇਲਾ ਰੇਨਰ ਨੇ ਪਿਛਲੇ ਸਾਲ ਦੀਆਂ ਚੋਣਾਂ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਸੀ ਕਿ "ਸਵਰਣ ਮੰਦਿਰ 'ਤੇ ਛਾਪੇਮਾਰੀ ਵਿੱਚ ਬ੍ਰਿਟੇਨ ਦੁਆਰਾ ਨਿਭਾਈ ਗਈ ਇਤਿਹਾਸਕ ਭੂਮਿਕਾ ਦੀ ਜਾਂਚ ਦੀ ਮੰਗ ਕਰਨ ਵਿੱਚ ਲੇਬਰ ਸਿੱਖ ਭਾਈਚਾਰੇ ਦੇ ਨਾਲ ਖੜ੍ਹੀ ਹੈ÷। ਸਿੱਖ ਫੈਡਰੇਸ਼ਨ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਜੇਕਰ ਸਰਕਾਰ ਵੱਲੋਂ ਜਾਂਚ ਸਮਾਂ-ਸੀਮਾ ਦੀ ਬੇਨਤੀ ਪੂਰੀ ਨਹੀਂ ਕੀਤੀ ਜਾਂਦੀ, ਤਾਂ ਉਹ "ਅਗਸਤ ਵਿੱਚ ਇਸ ਬਾਰੇ ਮਾਰਗਦਰਸ਼ਨ ਜਾਰੀ ਕਰੇਗਾ ਕਿ ਗੁਰਦੁਆਰਿਆਂ ਅਤੇ ਸਿੱਖ ਸੰਗਠਨਾਂ ਨੂੰ ਗੁਰਦੁਆਰਿਆਂ ਅਤੇ ਸਿੱਖ ਸਮਾਗਮਾਂ ਵਿੱਚ ਨੋ ਪਲੇਟਫਾਰਮ ਨੀਤੀ ਨੂੰ ਕਿਵੇਂ ਲਾਗੂ ਕਰਨਾ ਚਾਹੀਦਾ ਹੈ, ਜਿਸਦਾ ਅਮਲ ਵਿੱਚ ਸਤੰਬਰ ਤੋਂ ਪ੍ਰਭਾਵ ਸ਼ੁਰੂ ਹੋ ਜਾਵੇਗਾ÷। ਅਤੇ ਨਾਲ ਹੀ ਇਹ ਦਿਸ਼ਾ-ਨਿਰਦੇਸ਼ ਉਨ੍ਹਾਂ ਸਾਰੇ ਲੇਬਰ ਮੰਤਰੀਆਂ ਸਮੇਤ ਸੰਸਦ ਮੈਂਬਰਾਂ 'ਤੇ ਵੀਂ ਲਾਗੂ ਹੋਵੇਗਾ ਜੋ ਜਨਤਕ ਤੌਰ 'ਤੇ ਜਾਂਚ ਨੂੰ ਲਾਗੂ ਕਰਨ ਦਾ ਸਮਰਥਨ ਨਹੀਂ ਕਰਦੇ ਹਨ । ਸਿੱਖ ਫੈਡਰੇਸ਼ਨ ਦੇ ਪੱਤਰ 'ਤੇ ਲਗਭਗ 500 ਹਸਤਾਖਰ ਕਰਨ ਵਾਲਿਆਂ ਵਿੱਚ ਸਮੈਥਵਿਕ, ਵੈਸਟ ਮਿਡਲੈਂਡਜ਼ ਵਿੱਚ ਗੁਰੂ ਨਾਨਕ ਗੁਰਦੁਆਰਾ ਵੀ ਸ਼ਾਮਲ ਹੈ, ਜਿੱਥੇ ਸਰ ਕੀਰ ਨੂੰ ਲੇਬਰ ਪਾਰਟੀ ਦੀ ਲੀਡਰਸ਼ਿਪ ਲਈ ਪ੍ਰਚਾਰ ਕਰਦੇ ਹੋਏ ਦਿਖਾਇਆ ਗਿਆ ਸੀ। ਧਿਆਨਦੇਣ ਯੋਗ ਹੈ ਕਿ ਯੂਕੇ ਵਿੱਚ ਪੰਜ ਲੱਖ ਤੋਂ ਵੱਧ ਸਿੱਖ ਹੋਣ ਦਾ ਅਨੁਮਾਨ ਹੈ ਜਿਨ੍ਹਾਂ ਬਾਰੇ ਕੀਤੇ ਗਏ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਇਹ ਲੇਬਰ ਪਾਰਟੀ ਦਾ ਸਮਰਥਨ ਕਰਦੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਿਵਲ ਹਸਪਤਾਲ ਤਲਵੰਡੀ ਸਾਬੋ ਦੇ ਮੁਲਾਜ਼ਮਾਂ ਵੱਲੋਂ ਬਹੁਮੰਤਵੀ ਸਿਹਤ ਕਰਮਚਾਰੀ ਐਸੋਸੀਏਸ਼ਨ ਦੀ ਕੀਤੀ ਚੋਣ, ਕੁਲਦੀਪ ਸਿੰਘ ਕਾਮਾਲੂ ਬਣੇ ਪ੍ਰਧਾਨ



**ਤਲਵੰਡੀ ਸਾਬੋ, 24 ਜੁਲਾਈ (ਗੁਰਜੰਟ ਸਿੰਘ ਨਥੇਹਾ)**– ਸਿਹਤ ਵਿਭਾਗ ਅਧੀਨ ਕੰਮ ਕਰਦੇ ਮੁਲਾਜ਼ਮਾਂ ਵੱਲੋਂ ਡਿਊਟੀ ਅਤੇ ਸਰਕਾਰ ਦੀਆਂ ਨੀਤੀਆਂ ਦੇ ਸਨਮੁੱਖ ਸਮੱਸਿਆਵਾਂ ਅਤੇ ਔਕੜਾਂ ਨਾਲ ਨਜਿੱਠਣ ਲਈ ਬਹੁਮੰਤਵੀ ਸਿਹਤ ਕਰਮਚਾਰੀ ਐਸੋਸੀਏਸ਼ਨ ਦੀ ਚੋਣ ਕੀਤੀ ਗਈ। ਜਿਸ ਵਿਚ ਪ੍ਰਧਾਨ ਕੁਲਦੀਪ ਸਿੰਘ ਕਮਾਲੂ, ਸਰਪ੍ਰਸਤ ਹਰਪਾਲ ਸਿੰਘ ਗਿਆਨਾ, ਜਨਰਲ ਸਕੱਤਰ ਜਸਕਰਨ ਸਿੰਘ, ਸਹਾਇਕ ਜਨਰਲ ਸਕੱਤਰ ਚੰਦ ਸਿੰਘ, ਸੀਨੀਅਰ ਮੀਤ ਪ੍ਰਧਾਨ ਮੋਨਿਕਾ ਰਾਣੀ, ਮੀਤ ਪ੍ਰਧਾਨ ਰਣਜੀਤ ਕੌਰ, ਖਜਾਨਚੀ ਸੁਖਪਾਲ ਸਿੰਘ, ਸਹਾਇਕ ਖਜਾਨਚੀ ਜਗਸੀਰ ਸਿੰਘ, ਮੁੱਖ ਸਲਾਹਕਾਰ ਮਨਜੀਤ ਕੌਰ ਭਾਗੀਵਾਂਦਰ, ਕਿਰਨ, ਗੁਰਪ੍ਰੀਤ ਸਿੰਘ ਲਾਲੀ, ਸਲਾਹਕਾਰ ਮਨਪ੍ਰੀਤ ਕੌਰ ਰਾਮਸਰਾ, ਸਿਮਰਜੀਤ ਕੌਰ, ਪ੍ਰੈਸ ਸਕੱਤਰ ਜਗਜੀਤ ਸਿੰਘ, ਸ਼ਗਨਜੀਤ ਸਿੰਘ ਅਹੁਦੇਦਾਰਾਂ ਨੂੰ ਚੁਣਿਆ ਗਿਆ। ਇਸ ਦੌਰਾਨ ਐਸੋਸੀਏਸ਼ਨ ਦੇ ਸਰਪ੍ਰਸਤ ਹਰਪਾਲ ਸਿੰਘ ਗਿਆਨਾ ਨੇ ਯੂਨੀਅਨ ਦੀਆਂ ਤਿੰਨ ਸਾਲ ਦੀਆਂ ਪ੍ਰਾਪਤੀਆਂ 'ਤੇ ਰੋਸ਼ਨੀ ਪਾਈ ਅਤੇ ਇਹ ਵੀ ਦੱਸਿਆ ਕਿ ਹਰ ਇੱਕ ਨੂੰ ਯੂਨੀਅਨ ਵਿੱਚ ਅੱਗੇ ਹੋ ਕੇ ਕੰਮ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਨਵੇਂ ਚੁਣੇ ਪ੍ਰਧਾਨ ਕੁਲਦੀਪ ਸਿੰਘ ਕਮਾਲੂ ਨੂੰ ਵਧਾਈ ਦਿੱਤੀ ਤੇ ਹਰ ਮੁਸ਼ਕਿਲ ਵਿੱਚ ਨਾਲ ਖੜ੍ਹਨ ਦਾ ਵਾਅਦਾ ਕੀਤਾ। ਇਸ ਦੌਰਾਨ ਪ੍ਰਧਾਨ ਕੁਲਦੀਪ ਸਿੰਘ ਕਮਾਲੂ ਨੇ ਸਭ ਦਾ ਧੰਨਵਾਦ ਕਰਦੇ ਹੋਏ ਸਮੂਹ ਮੁਲਾਜ਼ਮਾਂ ਦੀਆਂ ਮੁਸ਼ਕਿਲਾਂ ਦਾ ਸਾਰਥਿਕ ਹੱਲ ਕਰਵਾਉਣ ਦਾ ਅਹਿਦ ਲਿਆ ਤੇ ਸਭ ਨੂੰ ਇਕੱਠੇ ਨਾਲ ਲੈ ਕੇ ਚੱਲਣ ਦਾ ਵਾਅਦਾ ਕੀਤਾ ਇਸ ਦੌਰਾਨ ਸਮੂਹ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਅੱਜ ਜ਼ਿਲ੍ਹਾ ਤਰਨ ਤਾਰਨ ਦੇ ਹਲਕਾ ਖਡੂਰ ਸਾਹਿਬ ਦੇ ਪਿੰਡ ਬ੍ਰਹਮਪੁਰਾ ਵਿਖੇ

# ਭਾਈ ਅਵਤਾਰ ਸਿੰਘ ਬ੍ਰਹਮਾ ਜੀ ਦਾ 37ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ

## ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਅਤੇ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਭਰੀ









ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਦੇ 761 ਦਿਨ ਪੂਰੇ ਹੋਣ 'ਤੇ

# ਵੈਨਕੂਵਰ ਭਾਰਤੀ ਕੌਂਸਲੇਟ ਅੱਗੇ ਭਾਰੀ ਰੋਸ-ਪ੍ਰਦਰਸ਼ਨ



## ਕੈਨੇਡਾ ਵਿਖੇ ਭਾਰਤੀ ਐਂਬੈਸੀ ਨੂੰ ਬੰਦ ਕਰਨ ਦੀ ਮੰਗ ਜ਼ੋਰਾਂ ਤੇ

ਨਵੀਂ ਦਿੱਲੀ 24 ਜੁਲਾਈ (ਮਨਪ੍ਰੀਤ ਸਿੰਘ ਖਾਲਸਾ):- ਕੌਮੀ ਸ਼ਹੀਦ ਅਤੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਸਾਬਕਾ ਮੁੱਖ ਸੇਵਾਦਾਰ ਜਥੇਦਾਰ ਭਾਈ ਹਰਦੀਪ ਸਿੰਘ ਨਿੱਝਰ ਜਿੰਨਾਂ ਨੂੰ ਗੁਰੂ ਘਰ ਦੀ ਹਦੂਦ ਦੇ ਵਿੱਚ ਗੋਲੀਆਂ ਮਾਰਕੇ ਸ਼ਹੀਦ ਕੀਤਾ ਗਿਆ, ਉਨਾਂ ਦੀ ਸ਼ਹਾਦਤ ਨੂੰ ਮੁੱਖ ਰੱਖਦਿਆਂ ਹਰ ਮਹੀਨੇ ਦੀ ਤਰਾਂ ਇਸ ਵਾਰ ਵੀ ਵੈਨਕੂਵਰ ਭਾਰਤੀ ਐਂਬੈਸੀ ਅੱਗੇ ਭਾਰੀ ਰੋਸ ਮੁਜਾਹਿਰਾ ਕੀਤਾ ਗਿਆ ਅਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਏ ਗਏ । ਇਸ ਦੌਰਾਨ ਮੁਜਾਹਿਰੇ ਵਿਚ ਕਿਸਾਨਾਂ ਦੇ ਹੱਕ ਦੇ ਵਿੱਚ ਵੀ ਆਵਾਜ਼ ਬੁਲੰਦ ਕੀਤੀ ਗਈ ਅਤੇ ਭਾਈ ਗੁਰਮੀਤ ਸਿੰਘ ਤੂਰ ਨੇ ਆਖਿਆ ਕਿ ਕਿਸਾਨਾਂ ਦਾ ਇੱਕੋ ਹਾਲ ਹੈ ਖਾਲਿਸਤਾਨ ਇਸ ਨਾਲ ਨੀ ਪੰਜਾਬ ਦਾ ਕਿਸਾਨ, ਜਵਾਨ, ਫ਼ਸਲ, ਨਸਲ ਅਤੇ ਧਰਮ ਬਚਾਇਆ ਜਾ ਸਕਦਾ ਹੈ । ਕੌਮੀ ਘਰ ਦੀ ਸਥਾਪਤੀ ਹੀ ਹਰ ਇੱਕ ਮਸਲੇ ਦਾ ਹੱਲ ਹੈ । ਕੀਤੇ ਗਏ ਮੁਜਾਹਿਰੇ ਵਿਚ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਇਕੱਤਰ ਹੋਈਆਂ ਸਨ ਅਤੇ ਉਨ੍ਹਾਂ ਵਲੋਂ ਭਾਰਤੀ ਐਂਬੈਸੀ ਨੂੰ ਬੰਦ ਕਰਨ ਦੀ ਮੰਗ ਜੋਰਾਂ ਤੇ ਚੁੱਕੀ ਗਈ ਸੀ।ਮੁਜਾਹਿਰੇ ਵਿਚ ਵਿਸ਼ੇਸ਼ ਤੌਰ ਤੇ ਗੁਰੂ ਘਰ ਦੇ ਸਕੱਤਰ ਭਾਈ ਗੁਰਮੀਤ ਸਿੰਘ ਤੂਰ, ਭਾਈ ਮਨਜਿੰਦਰ ਸਿੰਘ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਜੈਪਾਲ ਸਿੰਘ, ਭਾਈ ਅਵਤਾਰ ਸਿੰਘ ਖਹਿਰਾ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਐਵਸਫੋਰਡ ਤੋਂ ਰਣਜੀਤ ਸਿੰਘ ਖਾਲਸਾ, ਕਰਨੈਲ ਸਿੰਘ ਟੁੱਟ, ਰਜਿੰਦਰ ਸਿੰਘ ਨੱਤ, ਮਹਿੰਦਰ ਸਿੰਘ ਕੈਲੀਫੋਰਨੀਆ ਨੇ ਹਾਜ਼ਿਰੀ ਭਰ ਕੇ ਸੰਗਤਾਂ ਦਾ ਜੋਸ਼ ਵਧਾਇਆ ਸੀ।

ਬਰਸਾਤੀ ਪਾਣੀ ਨੂੰ ਸੰਭਾਲਣ ਬਾਰੇ ਅਤੇ ਝੋਨੇ ਦੇ ਕੀੜੇ ਮਕੌੜਿਆਂ ਤੇ ਬਿਮਾਰੀਆਂ ਦੀ ਰੋਕਥਾਮ ਬਾਰੇ

# ਪਿੰਡ ਮਾਝੀ ਵਿਖੇ ਸਿਖਲਾਈ ਕੈਂਪ ਲਗਾਇਆ




ਭਵਾਨੀਗੜ੍ਹ/ਸੰਗਰੂਰ ( ਰਣਜੀਤ ਸਿੰਘ ਪੇਧਨੀ ) ਕੈਂਪਾਂ ਦੀ ਲਗਾਤਾਰਤਾ ਨੂੰ ਜਾਰੀ ਰੱਖਦੇ ਹੋਏ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਨਿਰਦੇਸ਼ਕ ਪਸਾਰ ਸਿੱਖਿਆ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੰਗਰੂਰ ਜ਼ਿਲ੍ਹੇ ਦੇ ਫਾਰਮ ਸਲਾਹਕਾਰ ਸੇਵਾ ਕੇਂਦਰ ਸੰਗਰੂਰ ਵੱਲੋਂ ਪਿੰਡ ਮਾਝੀ ਨੇੜੇ ਭਵਾਨੀਗੜ੍ਹ ਵਿਖੇ ਬਰਸਾਤੀ ਪਾਣੀ ਨੂੰ ਸੰਭਾਲਣ ਸਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਕੈਂਪ ਦੀ ਅਗਵਾਈ ਕਰਦੇ ਹੋਏ ਕੇਂਦਰ ਦੇ ਇੰਚਾਰਜ ਡਾ. ਅਸ਼ੋਕ ਕੁਮਾਰ, ਜ਼ਿਲ੍ਹਾ ਪਸਾਰ ਵਿਗਿਆਨੀ ਨੇ ਕਿਸਾਨਾਂ ਨੂੰ ਛੱਤਾਂ ਰਾਹੀਂ ਮੀਂਹ ਦੇ ਪਾਣੀ ਦੇ ਪਾਣੀ ਨੂੰ ਧਰਤੀ ਵਿੱਚ ਨਿਘਾਰਨ ਦੇ ਢੰਗਾਂ ਬਾਰੇ ਜਾਣੰ ਕਰਵਾਇਆ।ਉਨ੍ਹਾਂ ਦੱਸਿਆ ਕਿ ਮੀਂਹ ਦੇ ਪਾਣੀ ਨੂੰ ਰੀਚਾਰਜ ਕਰਨ ਨਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਦੀ ਮਾਤਰਾ ਵਿੱਚ ਵਾਧਾ ਹੋਣ ਦੇ ਨਾਲ-ਨਾਲ ਪਾਣੀ ਦੀ ਗੁਣਵੱਤਾ ਵੀ ਸੁਧਾਰੀ ਜਾ ਸਕਦੀ ਹੈ।ਇਸ ਰੀਚਾਰਜ ਨਾਲ ਜਿਥੇ ਮਿੱਟੀ ਕਟਾਅ ਘੱਟਦਾ ਹੈ ਉਥੇ ਹੜ੍ਹਾਂ ਦੀ ਮਾਰ ਤੋਂ ਵੀ ਬਚਿਆ ਜਾ ਸਕਦਾ ਹੈ। ਡਾ. ਅਸ਼ੋਕ ਕੁਮਾਰ ਨੇ ਮੀਂਹ ਦੇ ਪਾਣੀ ਨੂੰ ਰੀਚਾਰਜ ਯੂਨਿਟ ਲਗਾਉਣ ਦੇ ਖਰਚੇ, ਯੂਨਿਟ ਦੇ ਵੱਖ-ਵੱਖ ਹਿੱਸਿਆਂ ਅਤੇ ਸਾਵਧਾਨੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਹਨਾਂ ਕੈਂਪ ਦੌਰਾਨ ਕਿਸਾਨਾਂ ਨੂੰ ਪਾਣੀ ਦੀ ਸੁਯੋਗ ਵਰਤੋਂ ਸਬੰਧੀ ਵਿਸਥਾਰਪੂਰਵਕ ਦੱਸਿਆ। ਉਹਨਾਂ ਅੱਗੇ ਕਿਹਾ ਕਿ ਮੌਜੂਦਾ ਸਮੇਂ ਤੇ ਜ਼ਿੰਕ ਦੀ ਘਾਟ ਦੇ ਲੱਛਣ ਵੀ ਝੋਨੇ ਤੇ ਦਿਖਾਈ ਦੇ ਰਹੇ ਹਨ ਇਸ ਕਰਕੇ ਕਿਸਾਨਾਂ ਨੂੰ ਖੇਤੀ ਮਾਹਿਰਾਂ ਨਾਲ ਸਲਾਹ ਕਰਕੇ ਸਿਫਾਰਸ਼ ਕੀਤੀ ਜ਼ਿੰਕ ਦੀ ਮਾਤਰਾ ਪਾਉਣੀ ਚਾਹੀਦੀ ਹੈ। ਝੋਨੇ ਤੇ ਬਾਸਮਤੀ ਦੇ ਕੀੜੇ ਮਕੌੜੇ ਜਿਵੇਂ ਕਿ ਤਣੇ ਦੇ ਗੰਡੂਏ, ਪੱਤਾ ਲਪੇਟ ਸੁੰਡੀ ਆਦਿ ਦਾ ਨਿਰੀਖਣ ਕਰਕੇ ਇਕਨਾਮਿਕ ਥਰੈਸ਼ਹੋਲਡ ਲੈਵਲ ਤੋਂ ਵੱਧ ਮਾਤਰਾ ਵਿੱਚ ਹਮਲਾ ਹੋਣ ਦੀ ਸੂਰਤ ਵਿੱਚ ਹੀ ਛਿੜਕਾਅ ਕਰਨ ਨੂੰ ਕਿਹਾ ਉਹਨਾਂ ਨੇ ਪੋਟਾਸ਼ੀਅਮ ਨਾਈਟ੍ਰੇਟ ਦੀ ਵਰਤੋਂ ਬਾਰੇ ਵੀ ਵਿਸਥਾਰ ਨਾਲ ਦੱਸਿਆ ਅਤੇ ਪ੍ਰਭਾਵਸ਼ਾਲੀ ਨਦੀਨਨਾਸ਼ਕਾਂ ਅਤੇ ਜਿਪਸਮ ਦੀ ਵਰਤੋਂ ਬਾਰੇ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਚੂਹਿਆਂ ਦੀ ਰੋਕਥਾਮ ਬਾਰੇ ਵੀ ਵਿਸਥਾਰ ਨਾਲ ਦੱਸਿਆ ਗਿਆ। ਕੈਂਪ ਨੂੰ ਉਲੀਕਣ ਅਤੇ ਕਿਸਾਨਾਂ ਤੱਕ ਸੁਨੇਹੇ ਲਗਾਉਣ ਵਿੱਚ ਸ. ਗੁਰਸੇਵਕ ਸਿੰਘ, ਸ. ਹਰਵਿੰਦਰ ਸਿੰਘ, ਸ. ਬਹਾਦਰ ਸਿੰਘ ਅਤੇ ਹੋਰ ਨੇ ਬਹੁਤ ਯੋਗਦਾਨ ਪਾਇਆ। ਅੰਤ ਵਿੱਚ ਕਈ ਪਿੰਡਾਂ ਜਿਵੇਂ ਕਿ ਮਾਝੀ, ਤੁਰੀ, ਗਹਿਲਾਂ, ਭੱਦਲਵੱਢ ਵਿੱਚ ਝੋਨੇ ਦੇ ਖੇਤਾਂ ਦਾ ਦੌਰਾ ਕੀਤਾ ਗਿਆ। ਝੋਨੇ ਵਿੱਚ ਪੂਸਾ-44 ਕਿਸਮ ਵਿੱਚ 2-3 ਬੌਣੇ ਬੂਟੇ ਪ੍ਰਤੀ ਏਕੜ ਦਿਖਾਈ ਦਿੱਤੇ। ਬੌਣੇ ਬੂਟੇ ਹੁਣ ਇੱਕ ਨਵਾਂ ਵਿਸ਼ਾਣੂੰ ਰੋਗ ਹੈ ਜੋ ਕਿ ਚਿੱਟੀ ਪਿੱਠ ਵਾਲੇ ਟਿੱਡੇ ਰਾਹੀਂ ਫੈਲਦਾ ਹੈ। ਕਿਸਾਨਾਂ ਨੂੰ ਇਸ ਬਾਰੇ ਸੁਚੇਤ ਰਹਿਣ ਦੀ ਸਲਾਹ ਦਿੱਤੀ ਗਈ।




# ਪ੍ਰਧਾਨ ਮੰਤਰੀ ਈ.ਐਲ.ਆਈ ਯੋਜਨਾ ਦੀ ਹੋਈ ਸਮੀਖਿਆ



ਫ਼ਿਰੋਜ਼ਪੁਰ, 24 ਜੁਲਾਈ (ਮਨੋਹਰ ਲਾਲ) :— ਐਸ.ਏ.ਈ.ਐਲ ਲਿਮਟਿਡ ਹਕੂਮਤ ਸਿੰਘ ਵਾਲਾ ਪਾਵਰ ਪਲਾਟ ਵਿੱਚ ਕੈਂਪ ਆਯੋਜਿਤ ਕੀਤਾ ਗਿਆ ਜਿਸ ਵਿੱਚ ਪ੍ਰਧਾਨ ਮੰਤਰੀ ਈ.ਐਲ.ਆਈ ਯੋਜਨਾ ਜੋ ਕਿ ਪੂਰੇ ਦੇਸ਼ ਵਿੱਚ 1 ਅਗਸਤ 2025 ਨੂੰ ਸ਼ੁਰੂ ਹੋਣ ਜਾ ਰਹੀ ਹੈ ਦੇ ਸੰਬੰਧ ਵਿੱਚ ਸੈਮੀਨਰ ਸ਼੍ਰੀ ਸੁਮੇਕ ਮੀਨਾ (ਸਹਾਇਕ ਪ੍ਰੋਵਾਈਡਰ ਫੰਡ ਕਮਿਸ਼ਨਰ) ਅਤੇ ਮੈਡਮ ਸ਼੍ਰੀਮਤੀ ਕਮਲਜੀਤ ਕੌਰ ਇਨਫੋਰਸਮੈਂਟ ਆਫਿਸਰ ਦੁਆਰਾ ਆਯੋਜਿਤ ਕੀਤਾ ਗਿਆ। ਜਿਸ ਵਿਚ ਉਨ੍ਹਾਂ ਨੇ ਦੇਸ਼ ਭਰ ਵਿੱਚ ਚਲਾਈ ਜਾ ਰਹੀ ਈ.ਐਲ.ਆਈ ਦੇ ਸਬੰਧ ਵਿੱਚ ਹੋਣ ਵਾਲੇ ਕਰਮਚਾਰੀਆਂ ਤੇ ਉਦਯੋਗਪਤੀਆਂ ਨੂੰ ਹੋਣ ਵਾਲੇ ਲਾਭ ਦੇ ਬਾਰੇ ਵਿੱਚ ਸੰਖੇਪ ਨਾਲ ਦੱਸਿਆ। ਇਸ ਸਕੀਮ ਦਾ ਲਾਭ ਮੈਨੂਫੈਕਚਰਿੰਗ ਇੰਡਸਟਰੀ ਨੂੰ 4 ਸਾਲ ਤੱਕ ਅਤੇ ਨਾਨ ਮੈਨੂਫੈਕਚਰਿੰਗ ਇੰਡਸਟਰੀ ਨੂੰ 2 ਸਾਲ ਤੱਕ ਰਹੇਗਾ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਦੀ ਰਜਿਸਟਰੇਸ਼ਨ ਇਕ ਅਗਸਤ 2025 ਤੋਂ ਸ਼ੁਰੂ ਹੋ ਕੇ 31 ਜੁਲਾਈ 2027 ਤੱਕ ਰਹੇਗੀ। ਇਸ ਯੋਜਨਾ ਵਿੱਚ ਇਕ ਲੱਖ ਰੁਪਏ ਤੱਕ ਸੈਲਰੀ ਲੈਣ ਵਾਲੇ ਕਰਮਚਾਰੀ ਵੀ ਇਸ ਯੋਜਨਾ ਦਾ ਲਾਭ ਲੈ ਸਕਦੇ ਹਨ। ਇਸ ਯੋਜਨਾ ਦੇ ਤਹਿਤ ਨਵੇਂ ਰਜਿਸਟਰ ਕਰਮਚਾਰੀ ਨੂੰ ਇਕ ਸਾਲ ਲਗਾਤਾਰ ਕੰਮ ਕਰਨ ਤੇ 2 ਕਿਸ਼ਤਾ ਵਿੱਚ 15000 ਰੁਪਏ ਤੱਕ ਦਾ ਸੈਲਰੀ ਦੇ ਨਾਲ—ਨਾਲ ਵਾਧੂ ਲਾਭ ਸਰਕਾਰ ਵੱਲੋਂ ਦਿੱਤਾ ਜਾਵੇਗਾ। ਇਸ ਯੋਜਨਾ ਵਿੱਚ ਲਾਭ ਦੇਣ ਲਈ ਕੇਂਦਰ ਸਰਕਾਰ ਨੇ ਲਗਭਗ 1 ਲੱਖ ਕਰੋੜ ਰੁਪਏ ਦੀ ਰਾਸ਼ੀ ਬਜਟ ਵਿੱਚ ਨਿਰਧਾਰਿਤ ਕੀਤੀ ਹੈ, ਜਿਸ ਨਾਲ 3.50 ਕਰੋੜ ਦੇ ਲਗਭਗ ਨਵੇਂ ਕਰਮਚਾਰਿਆਂ ਨੂੰ ਨੋਕਰੀਆਂ ਦਾ ਲਾਭ ਮਿਲ ਸਕੇਗਾ।

# ਦਾਣਾ ਮੰਡੀ ਤੋਂ ਡੀ.ਸੀ ਦਫਤਰ ਤੱਕ 30 ਨੂੰ ਹੋਵੇਗਾ ਟਰੈਕਟਰ ਮਾਰਚ—ਕਿਸਾਨ ਆਗੂ



ਫ਼ਿਰੋਜ਼ਪੁਰ, 24 ਜੁਲਾਈ (ਮਨੋਹਰ ਲਾਲ) :— ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਜਥੇਬੰਦੀਆਂ ਵੱਲੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲ੍ਹਾ ਫਿਰੋਜ਼ਪੁਰ ਜ਼ਿਲਾ ਪ੍ਰਧਾਨ ਜੰਗੀਰ ਸਿੰਘ ਖਹਿਰਾ ਦੀ ਅਗਵਾਈ ਹੇਠ ਗੁਰਦੁਆਰਾ ਸਾਰਾਗੜੀ ਸਾਹਿਬ ਵਿਖੇ ਵਿਸ਼ੇਸ਼ ਮੀਟਿੰਗ ਬੁਲਾਈ ਗਈ। ਇਸ ਦੌਰਾਨ ਲੈਂਡ ਪੂਲਿੰਗ ਨੀਤੀ ਤਹਿਤ ਪਿੰਡ ਸਤੀਏ ਵਾਲਾ, ਮੋਹਕਮ ਖਾਂ ਵਾਲਾ, ਦਸਤੂਲ ਸਾਹਿਬ ਡੂਮਣੀ ਵਾਲਾ ਦੇ ਕਿਸਾਨਾਂ ਨੇ ਹਿੱਸਾ ਲਿਆ। ਇਸ ਮੌਕੇ ਬੁਲਾਰਿਆਂ ਨੇ ਬੋਲਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਕਾਰਪੋਰੇਟਾਂ ਦੇ ਇਸ਼ਾਰੇ ਤੇ ਕਿਸਾਨਾਂ ਤੋਂ ਉਨ੍ਹਾਂ ਦੀਆਂ ਮੁਫਤ ਵਿਚ ਜਮੀਨਾਂ ਖੋਹਣ ਵਰਗੇ ਫੈਸਲੇ ਲੈ ਕੇ ਕਿਸਾਨ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ ਸਰਕਾਰ ਜੋ ਲੈਂਡ ਪੂਲਿੰਗ ਸਕੀਮ ਲੈ ਕੇ ਆਈ ਹੈ ਉਸ ਦੇ ਨਾਲ ਇਕੱਲੇ ਕਿਸਾਨ ਦਾ ਉਜਾੜਾ ਹੀ ਨਹੀਂ ਹੋਵੇਗਾ ਸਗੋਂ ਹਰ ਵਰਗ ਪ੍ਰਭਾਵਿਤ ਹੋਵੇਗਾ, ਇਸ ਦੇ ਰੋਸ ਵਜੋਂ ਮਿਤੀ 30 ਜੁਲਾਈ 2025 ਨੂੰ ਜ਼ਿਲਾ ਫਿਰੋਜ਼ਪੁਰ ਵਿਖੇ ਦਾਣਾ ਮੰਡੀ ਫਿਰੋਜ਼ਪੁਰ ਛਾਉਣੀ ਤੋਂ ਡੀ.ਸੀ ਦਫਤਰ ਤੱਕ ਵਿਸ਼ਾਲ ਟਰੈਕਟਰ ਮਾਰਚ ਕੀਤਾ ਜਾਵੇਗਾ ਅਤੇ ਸਰਕਾਰ ਨੂੰ ਮੁਫਤ ਵਿੱਚ ਜਮੀਨਾਂ ਖੋਹਣ ਵਰਗੀਆਂ ਮਨਮਾਨੀਆਂ ਨਹੀਂ ਕਰਨ ਦੇਵੇਗਾ। ਉਨ੍ਹਾਂ ਕਿਹਾ ਕਿ ਅੱਜ ਦਾ ਕਿਸਾਨ ਜਾਗ ਚੁੱਕਾ ਹੈ ਆਪਣੇ ਹੱਕਾਂ ਖਾਤਰ ਸਰਕਾਰ ਵਿਰੁੱਧ ਆਰ—ਪਾਰ ਦੀ ਲੜਾਈ ਲੜਨ ਲਈ ਤਿਆਰ ਬੈਠਾ ਹੈ ਸਰਕਾਰ ਨੂੰ ਜਮੀਨ ਵਿੱਚ ਪੈਰ ਨਹੀਂ ਪਾਉਣ ਦੇਵੇਗਾ।

ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਵੱਲੋਂ ਬਲਾਕ ਮਮਦੋਟ ਬਲਾਕ ਪ੍ਰਧਾਨ ਬਲਕਾਰ ਸਿੰਘ ਜੋਧਪੁਰ ਬਲਾਕ ਮਮਦੋਟ ਜਨਰਲ ਸਕੱਤਰ ਹਰਬੰਸ ਸਿੰਘ ਜੋਧਪੁਰ ਜਿਲਾ ਖਜਾਨਚੀ ਜਤਿੰਦਰ ਸਿੰਘ ਰਿੰਕੂ ਕੜਮਾ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਮਹਿਮਾ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਜ਼ਿਲ੍ਹਾ ਪ੍ਰਧਾਨ ਗੁਰਿੰਦਰ ਸਿੰਘ ਖਹਿਰਾ ਮਹਿੰਦਰ ਸਿੰਘ ਜੋਗਾ ਸਿੰਘ ਵਣ ਸਿੰਘ ਪਿੰਡ ਸਤੀਏ ਵਾਲਾ ਤੋਂ ਕਿਸਾਨ ਬੂਟਾ ਸਿੰਘ ਰੇਸ਼ਮ ਸਿੰਘ ਨੰਬਰਦਾਰ ਰਣਜੀਤ ਸਿੰਘ ਦਵਿੰਦਰ ਸਿੰਘ ਪਿੰਡ ਮੋਹਕਮ ਖਾਂ ਵਾਲਾ ਤੋਂ ਕਿਸਾਨ ਹਰਜੀਤ ਸਿੰਘ ਕੁਲਵੰਤ ਸਿੰਘ ਬੇਅੰਤ ਸਿੰਘ ਬਲਵੀਰ ਸਿੰਘ ਪ੍ਰਦੀਪ ਕੁਮਾਰ ਪਿੰਡ ਦਸਤੂਲ ਸਾਹਿਬ ਤੋਂ ਕਿਸਾਨ ਹਰਦੇਵ ਸਿੰਘ ਜਗਤਾਰ ਸਿੰਘ ਰਜਿੰਦਰ ਸਿੰਘ ਸੁਖਵਿੰਦਰ ਸਿੰਘ ਹਰਨਾਮ ਸਿੰਘ ਆਦਿ ਹਾਜ਼ਰ ਸਨ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਮੁਲਾਜ਼ਮ ਮੰਗਾਂ ਨੂੰ ਲੈ ਕੇ ਬਿਜਲੀ ਕਰਮਚਾਰੀਆਂ ਨੇ

# ਪੂਤਲਾ ਫੂਕ ਮੁਜ਼ਾਹਰਾ ਕੀਤਾ



**ਫ਼ਿਰੋਜ਼ਪੁਰ, 24 ਜੁਲਾਈ (ਮਨੋਹਰ ਲਾਲ) :—** ਜੁਆਇੰਟ ਫੋਰਮ ਦੀ ਕਾਲ ਤੇ ਅੱਜ ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਵੱਲੋਂ ਸ਼ਹਿਰੀ ਮੰਡਲ ਫ਼ਿਰੋਜ਼ਪੁਰ ਮੂਹਰੇ ਗੇਟ ਰੈਲੀ ਕਰਕੇ ਪੂਤਲਾ ਫੂਕਿਆ ਗਿਆ। ਅੱਜ ਦੇ ਰੋਹ ਮੁਜ਼ਾਹਰੇ ਦੀ ਪ੍ਰਧਾਨਗੀ ਪ੍ਰਧਾਨ ਰਜੇਸ਼ ਦੱਤਾ ਨੇ ਕੀਤੀ, ਜਦੋਂ ਕਿ ਵੱਡੀ ਗਿਣਤੀ ਵਿਚ ਬਿਜਲੀ ਕਰਮਚਾਰੀਆਂ ਨੇ ਸ਼ਮੂਲੀਅਤ ਕਰਕੇ ਸਰਕਾਰ ਵਿਰੁੱਧ ਨਾਅਰੇਬਾਜੀ ਕੀਤੀ ਗਈ। ਇਸ ਦੌਰਾਨ ਪੰਜਾਬ ਦੇ ਮੀਤ ਸਕੱਤਰ ਸਤੀਸ਼ ਕੁਮਾਰ, ਸਰਕਲ ਪ੍ਰਧਾਨ ਅਸ਼ਵਨੀ ਕੁਮਾਰ, ਸਰਕਲ ਸਕੱਤਰ ਸੁਖਚੈਨ ਸਿੰਘ, ਰਕੇਸ਼ ਸੈਣੀ, ਪ੍ਰਵੇਸ਼ ਕੁਮਾਰ, ਨੰਦ ਲਾਲ, ਰੋਸ਼ਨ ਲਾਲ, ਰੋਹਿਤ ਦੇਵਗਨ, ਸਹਿਲ ਚਾਵਲਾ, ਬਲਵੀਰ ਸਿੰਘ, ਪ੍ਰਦੀਪ ਕੁਮਾਰ, ਗੁਰਮੁੱਖ ਸਿੰਘ, ਰਨਵੀਰ ਸਿੰਘ, ਲੱਖਾ ਸਿੰਘ ਨੇ ਬੋਲਦਿਆਂ ਕਿਹਾ ਕਿ ਮੁਲਾਜ਼ਮ ਮੰਗਾਂ ਜਿਵੇਂ ਡੀ.ਏ ਦਿੱਤਾ ਜਾਵੇ, ਬਣਦਾ ਬਕਾਇਆ, ਨਵੀਂ ਭਰਤੀ ਕੀਤੀ ਜਾਵੇ, ਮੁਲਾਜ਼ਮਾਂ ਦੀਆਂ ਖਾਲੀ ਆਸਾਮੀਆਂ ਤੁਰੰਤ ਭਰੀਆਂ ਜਾਣ, ਪਾਰਟ ਟਾਇਮ ਕਾਮੇ ਪੱਕਾ ਕੀਤਾ ਜਾਣ, ਬਿਜਲੀ ਘਰ ਵਿਚ ਕੰਮ ਕਰਦੇ ਮੁਲਾਜ਼ਮਾਂ ਨੂੰ ਓਵਰਟਾਈਮ ਦਿੱਤਾ ਜਾਵੇ, ਕਰਮਚਾਰੀਆਂ ਦਾ ਬਣਦਾ 16 ਸਾਲਾ ਅਤੇ 23 ਸਾਲਾਂ ਦਿੱਤਾ ਜਾਵੇ ਅਤੇ ਬਣਦਾ ਬਕਾਇਆ ਜਾਰੀ ਕੀਤਾ ਜਾਵੇ। ਮੁਲਾਜ਼ਮ ਆਗੂਆਂ ਨੇ ਕਿਹਾ ਕਿ ਮੰਗਾਂ ਨਾ ਮੰਨੇ ਜਾਣ ਦੀ ਸੂਰਤ ਵਿਚ ਬਿਜਲੀ ਮੰਤਰੀ ਦੀ ਕੋਠੀ ਅੱਗੇ ਧਰਨਾ ਦਿੱਤਾ ਜਾਵੇਗਾ, ਜਿਸ ਦੀ ਜਿੰਮੇਵਾਰੀ ਸੂਬਾ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ ਦੀ ਹੋਵੇਗੀ।

### ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਬਹਾਰ ਰੁੱਤ ਦੀ ਮੂੰਗਫ਼ਲੀ ਦੀ ਪ੍ਰਦਰਸ਼ਨੀ ਦੀ ਵਾਢੀ ਮੌਕੇ

# ਕਿਸਾਨ ਗੋਸ਼ਟੀ ਦਾ ਆਯੋਜਨ




**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਪਿੰਡ ਬਡਲਾ ਵਿਖੇ ਅਗਾਂਹਵਧੂ ਕਿਸਾਨ ਸ. ਜਗਦੇਵ ਸਿੰਘ ਦੇ ਖੇਤ ਵਿੱਚ ਬਹਾਰ ਰੁੱਤ ਦੀ ਮੂੰਗਫ਼ਲੀ ਦੀ ਪ੍ਰਦਰਸ਼ਨੀ ਦੀ ਪੁਟਾਈ ਮੌਕੇ ਕਿਸਾਨ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ 25 ਕਿਸਾਨ ਵੀਰਾਂ ਅਤੇ ਬੀਬੀਆਂ ਦੇ ਭਾਗ ਲਿਆ। ਇਸ ਮੌਕੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਦੇ ਖੇਤੀ ਮਾਹਿਰਾਂ ਡਾ ਮਨਦੀਪ ਸਿੰਘ, ਇੰਚਾਰਜ, ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਅਤੇ ਡਾ ਰੁਕਿੰਦਰਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ ਫ਼ਸਲ (ਵਿਗਿਆਨ) ਨੇ ਕਿਸਾਨ ਵੀਰਾਂ ਨੂੰ ਬਹਾਰ ਰੁੱਤ ਦੀ ਮੂੰਗਫ਼ਲੀ ਦੀ ਸਫਲ ਕਾਸ਼ਤ ਸਬੰਧੀ ਵਿਗਿਆਨਕ ਸਿਫਾਰਿਸ਼ਾਂ ਬਾਰੇ ਜਾਣਕਾਰੀ ਦਿੱਤੀ। ਮਾਹਿਰਾਂ ਅਤੇ ਕਿਸਾਨਾਂ ਵੱਲੋਂ ਮੌਕੇ ਤੇ ਫ਼ਸਲ ਦੇ ਝਾੜ ਦਾ ਅਨੁਮਾਨ ਲਗਾਇਆ ਗਿਆ ਜੋ ਕਿ 10 ਤੋਂ 12 ਕੁਇੰਟਲ ਪ੍ਰਤੀ ਏਕੜ ਦੇ ਵਿਚਕਾਰ ਰਹਿਣ ਦੀ ਉਮੀਦ ਹੈ ।



ਕਿਸਾਨ ਸ. ਜਗਦੇਵ ਸਿੰਘ ਨੇ ਦੱਸਿਆ ਕਿ ਪੀਏਯੂ ਦੀਆਂ ਸਿਫਾਰਸ਼ਾਂ ਅਨੁਸਾਰ ਸਮੇਂ ਸਿਰ ਬਹਾਰ ਰੁੱਤ ਦੀ ਮੂੰਗਫ਼ਲੀ ਦੀ ਬਿਜਾਈ ਅਤੇ ਇਸ ਦੀ ਪੁਟਾਈ ਤੱਕ ਯੋਗ ਪ੍ਰਬੰਧਨ ਕਰਕੇ ਮੂੰਗਫ਼ਲੀ ਦੀ ਫ਼ਸਲ ਤੋਂ ਵਧੀਆ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਤਰ੍ਹਾਂ ਬਹਾਰ ਰੁੱਤ ਦੀ ਮੱਕੀ ਦੇ ਮੁਕਾਬਲੇ ਬਹਾਰ ਰੁੱਤ ਦੀ ਮੂੰਗਫ਼ਲੀ ਦੀ ਕਾਸ਼ਤ ਬਹੁਤ ਘੱਟ ਪਾਣੀ ਦੀ ਵਰਤੋਂ ਕਰਕੇ ਉਸ ਦੇ ਬਰਾਬਰ ਹੀ ਮੁਨਾਫ਼ਾ ਕਮਾਇਆ ਜਾ ਸਕਦਾ ਹੈ । ਮੌਕੇ ਤੇ ਮੌਜੂਦ ਬਾਕੀ ਕਿਸਾਨ ਵੀ ਇਸ ਤੋਂ ਕਾਫ਼ੀ ਉਤਸ਼ਿਹਤ ਦਿਖਾਈ ਦਿੱਤੇ ਅਤੇ ਅਗਲੇ ਸਾਲ ਆਲੂਆਂ ਦੀ ਫ਼ਸਲ ਤੋਂ ਬਾਅਦ ਬਹਾਰ ਰੁੱਤ ਦੀ ਮੱਕੀ ਦੀ ਬਜਾਏ ਮੂੰਗਫ਼ਲੀ ਦੀ ਕਾਸ਼ਤ ਕਰਨ ਦੀ ਇੱਛਾ ਪ੍ਰਗਟ ਕੀਤੀ। ਮਾਹਿਰਾਂ ਦੀ ਟੀਮ ਵੱਲੋਂ ਕਿਸਾਨਾਂ ਨੂੰ ਝੋਨੇ ਦੇ ਮਧਰੇ ਰੋਗ ਬਾਰੇ ਵੀ ਜਾਗਰੂਕ ਕੀਤਾ ਗਿਆ ਅਤੇ ਰੋਗ ਦੇ ਹਮਲੇ ਦੀ ਸੂਰਤ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਨੁਸਾਰ ਇਸ ਦੀ ਰੋਕਥਾਮ ਸੰਬੰਧੀ ਦੱਸਿਆ ਗਿਆ।

# ਪੰਜਾਬ ਰਾਜ ਫੂਡ ਕਮਿਸ਼ਨ ਮੈਂਬਰ ਜਸਵੀਰ ਸਿੰਘ ਸੇਖੋਂ ਵੱਲੋਂ ਜ਼ਿਲ੍ਹਾ ਪ੍ਰਸ਼ਾਸ਼ਨ ਨਾਲ ਮੀਟਿੰਗ






**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਪੰਜਾਬ ਰਾਜ ਫੂਡ ਕਮਿਸ਼ਨ ਦੇ ਨਵ ਨਿਯੁਕਤ ਮੈਂਬਰ ਜਸਵੀਰ ਸਿੰਘ ਸੇਖੋਂ ਵੱਲੋਂ ਅੱਜ ਜ਼ਿਲ੍ਹਾ ਪ੍ਰਸ਼ਾਸ਼ਨ, ਸੰਗਰੂਰ ਨਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਕੀਤੀ ਗਈ, ਜਿਸ ਵਿੱਚ ਜ਼ਿਲ੍ਹਾ ਸੰਗਰੂਰ ਵਿੱਚ ਚੱਲ ਰਹੀ ਰਾਸ਼ਨ ਵੰਡ ਪ੍ਰਣਾਲੀ, ਮਿਡ ਡੇਅ ਮੀਲ ਅਤੇ ਆਂਗਨਵਾੜੀ ਕੇਂਦਰਾਂ ਦੇ ਕੰਮ ਕਾਜ ਦੀ ਸਮੀਖਿਆ ਕੀਤੀ ਗਈ। ਇਸ ਮੌਕੇ ਉਹਨਾਂ ਨੇ ਸਰਕਾਰੀ ਪ੍ਰਾਇਮਰੀ ਸਕੂਲ ਭਸੌੜ ਅਤੇ ਸ਼ਹਿਰ ਸੰਗਰੂਰ ਦੇ ਕਈ ਰਾਸ਼ਨ ਡਿਪੂਆਂ ਦੀ ਅਚਨਚੇਤ ਚੈਕਿੰਗ ਵੀ ਕੀਤੀ। ਮੀਟਿੰਗ ਵਿੱਚ ਸੁਖਚੈਨ ਸਿੰਘ ਪਾਪੜਾ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਸਵੀਰ ਸਿੰਘ ਸੇਖੋਂ ਨੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਸਕੂਲਾਂ ਦੇ ਆਰ ਓਜ਼ ਦਾ ਤੁਰੰਤ ਟੀ ਡੀ ਐਸ ਚੈੱਕ ਕਰਵਾਇਆ ਜਾਵੇ ਤਾਂ ਜੋ ਬੱਚਿਆਂ ਨੂੰ ਗੰਦੇ ਪਾਣੀ ਤੋਂ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਇਆ ਜਾ ਸਕੇ। ਉਹਨਾਂ ਕਿਹਾ ਕਿ ਜਿੱਥੇ ਆਰ ਓ ਨਹੀਂ ਲੱਗੇ ਹਨ ਉਥੇ ਤੁਰੰਤ ਲਗਾਏ ਜਾਣ, ਜੇਕਰ ਖ਼ਰਾਬ ਹਨ ਤਾਂ ਉਸਦੀ ਰਿਪੇਅਰ ਕਾਰਵਾਈ ਜਾਵੇ। ਉਹਨਾਂ ਕਿਹਾ ਕਿ ਕਮਿਸ਼ਨ ਦੀ ਪਹਿਲਕਦਮੀ ਉੱਤੇ ਸੂਬੇ ਦੇ ਹਰੇਕ ਸਕੂਲ ਵਿੱਚ ਕਿਚਨ ਗਾਰਡਨ ਲਗਾਏ ਜਾ ਰਹੇ ਹਨ। ਇਸ ਕਿਚਨ ਗਾਰਡਨ ਵਿੱਚ ਤਿਆਰ ਹੋਣ ਵਾਲੀਆਂ ਜ਼ਿਹਰ ਰਹਿਤ ਸਬਜ਼ੀਆਂ ਅਤੇ ਸਲਾਦ ਨੂੰ ਬੱਚਿਆਂ ਨੂੰ ਖਵਾਇਆ ਜਾਇਆ ਕਰੇਗਾ। ਉਹਨਾਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਅਤੇ ਸਿਹਤ ਅਧਿਕਾਰੀ ਨੂੰ ਕਿਹਾ ਕਿ ਮਾਤਰੂ ਵੰਦਨਾ ਯੋਜਨਾ ਦਾ ਵੱਧ ਤੋਂ ਵੱਧ ਲਾਭਪਾਤਰੀਆਂ ਨੂੰ ਲਾਭ ਦਿਵਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਆਂਗਨਵਾੜੀ ਕੇਂਦਰਾਂ ਦੀ ਕਾਰਗੁਜ਼ਾਰੀ ਉੱਤੇ ਪੂਰੀ ਤਰ੍ਹਾਂ ਧਿਆਨ ਰੱਖਿਆ ਜਾਵੇ। ਕੋਸ਼ਿਸ਼ ਕੀਤੀ ਜਾਵੇ ਕਿ ਵੱਧ ਤੋਂ ਵੱਧ ਬੱਚੇ ਇਸ ਵਿੱਚ ਪਹੁੰਚਣ। ਉਹਨਾਂ ਕਿਹਾ ਕਿ ਸਕੂਲਾਂ ਅਤੇ ਆਂਗਨਵਾੜੀ ਕੇਂਦਰਾਂ ਵਿੱਚ ਬੱਚਿਆਂ ਦੇ ਖਾਣਾ ਖਾਣ ਦੀ ਜਗ੍ਹਾ ਸਾਫ਼ ਸੁਥਰੀ ਅਤੇ ਹਵਾਦਾਰ ਹੋਣੀ ਚਾਹੀਦੀ ਹੈ। ਸਮਾਨ ਰੱਖਣ ਲਈ ਢੁੱਕਵੀਂ ਜਗ੍ਹਾ ਹੋਣੀ ਚਾਹੀਦੀ ਹੈ। ਉਹਨਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਸਕੂਲ ਚੈੱਕ ਕਰਨ ਦੀ ਹਦਾਇਤ ਕੀਤੀ। ਇਸ ਮੌਕੇ ਉਹਨਾਂ ਨੇ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ ਤੋਂ ਰਾਸ਼ਨ ਵੰਡ ਦੇ ਕੰਮ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ। ਉਹਨਾਂ ਹਦਾਇਤ ਕੀਤੀ ਕਿ ਕਿਸੇ ਵੀ ਇਲਾਕੇ ਤੋਂ ਰਾਸ਼ਨ ਮੁੱਕਣ ਦੀਆਂ ਸ਼ਿਕਾਇਤਾਂ ਨਹੀਂ ਮਿਲਣੀਆਂ ਚਾਹੀਦੀਆਂ ਹਨ। ਈ ਕੇ ਵਾਈ ਸੀ ਦੇ ਕੰਮ ਨੂੰ ਪਹਿਲ ਦੇ ਆਧਾਰ ਉੱਤੇ ਮੁਕੰਮਲ ਕੀਤਾ ਜਾਵੇ। ਉਹਨਾਂ ਸਪੱਸ਼ਟ ਕੀਤਾ ਕਿ ਕਮਿਸ਼ਨ ਦਾ ਹੈਲਪ ਲਾਈਨ ਨੰਬਰ 9876764545 ਜ਼ਰੂਰ ਹਰੇਕ ਡੀਪੂ ਦੇ ਬਾਹਰ ਲਗਾਇਆ ਜਾਵੇ।

# ਸਮਾਜ ਸੇਵੀ ਇੰਸਪੈਕਟਰ ਹਰਵਿੰਦਰ ਸਿੰਘ ਧਨੌਲਾ ਪਦਉਨਤ ਹੋ ਕੇ ਬਣੇ ਡੀਐਸਪੀ

## ਐਸਐਸਪੀ ਪਟਿਆਲਾ ਸ਼੍ਰੀ ਵਰੁਣ ਸ਼ਰਮਾ ਨੇ ਦਿੱਤੀਆਂ ਵਧਾਈਆਂ

**ਧਨੌਲਾ, 23 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਡੀਜੀਪੀ ਪੰਜਾਬ ਸ਼੍ਰੀ ਗੌਰਵ ਯਾਦਵ ਜੀ ਦੇ ਨਿਸ਼ਾਂ ਨਿਰਦੇਸ਼ਾਂ ਤੇ ਪੰਜਾਬ ਪੁਲਿਸ ਵਿੱਚ ਵਧੀਆ ਸੇਵਾਵਾਂ ਨਿਭਾਉਣ ਵਾਲੇ' ਸਮੂਹ ਅਫਸਰਾਂ ਦੀ ਹੌਂਸਲਾ ਅਫਜ਼ਾਈ ਕਰਕੇ ਉਹਨਾਂ ਨੂੰ ਤਰੱਕੀਆਂ ਨਾਲ ਨਿਵਾਜਿਆ ਜਾ ਰਿਹਾ ਹੈ ਇਸੇ ਤਰ੍ਹਾਂ ਹੀ ਇਲਾਕੇ ਵਿੱਚ ਸਮਾਜ ਸੇਵੀ ਦੇ ਨਾਮ ਨਾਲ ਜਾਣੇ ਜਾਂਦੇ ਇੰਸਪੈਕਟਰ ਹਰਵਿੰਦਰ ਸਿੰਘ ਧਨੌਲਾ ਦੀਆਂ ਸਮਾਜ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਅਤੇ ਪੁਲਿਸ ਪ੍ਰਸ਼ਾਸਨ ਪ੍ਰਤੀ ਵਧੀਆ ਸੇਵਾਵਾਂ ਨਿਭਾਉਣ ਕਰਕੇ ਉਹਨਾਂ ਨੂੰ ਤਰੱਕੀ ਦੇ ਕੇ ਡੀਐਸਪੀ ਦੇ ਅਹੁਦੇ ਵਜੋਂ ਨਿਵਾਜ਼ਿਆ ਗਿਆ ਹੈ। ਉਹਨਾਂ ਦੀ ਤਰੱਕੀ ਹੋਣ ਤੇ ਐਸਐਸਪੀ ਪਟਿਆਲਾ ਸ਼੍ਰੀ ਵਰੁਣ ਸ਼ਰਮਾ (ਆਈਪੀਐਸ) ਦੁਆਰਾ ਉਹਨਾਂ ਦੀ ਪੀਪਿੰਗ ਦੀ ਰਸਮ ਅਦਾ ਕੀਤੀ ਗਈ ਤੇ ਉਹਨਾਂ ਦੇ ਵਧੀਆ ਭਵਿੱਖ ਦੀ ਕਾਮਨਾ ਕਰਦਿਆਂ ਪੂਰੀ ਤਰ੍ਹਾਂ ਦਿੱਤੀਆਂ। ਉਨਾਂ ਦੇ ਡੀਐਸਪੀ ਬਣਨ ਦੀ ਖੁਸ਼ੀ ਵਿੱਚ ਉਨਾਂ ਦੇ ਮਿੱਤਰ ਸੰਜੀਵ ਗਰਗ ਕਾਲੀ, ਰਿਸ਼ਤੇਦਾਰਾਂ, ਦੋਸਤਾਂ, ਮਿੱਤਰਾਂ ਸਕੇ ਸੰਬੰਧੀਆਂ ਅਤੇ ਸਮੂਹ ਪੁਲਿਸ ਪ੍ਰਸ਼ਾਸਨ ਦੇ ਸਮੂਹ ਡੀਐਸਪੀ, ਇੰਸਪੈਕਟਰਜ ਸਾਹਿਬ ਅਤੇ ਹੋਰਨਾ ਉੱਚ ਅਧਿਕਾਰੀਆਂ ਵੱਲੋਂ ਸ. ਹਰਵਿੰਦਰ ਸਿੰਘ ਨੂੰ ਡੀਐਸਪੀ ਬਣਨ ਤੇ ਵਧਾਈਆਂ ਦਿੱਤੀਆਂ ਗਈਆਂ। ਨਵ ਨਿਯੁਕਤ ਡੀਐਸਪੀ ਸ. ਹਰਵਿੰਦਰ ਸਿੰਘ ਵੱਲੋਂ ਸਮੂਹ ਪੁਲਿਸ ਅਧਿਕਾਰੀਆਂ, ਦੋਸਤਾਂ, ਰਿਸ਼ਤੇਦਾਰਾਂ, ਸਕੇ ਸਬੰਧੀਆਂ, ਇਲਾਕਾ ਨਿਵਾਸੀ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।
















**ਸਾਡਾ ਆਪਣਾ ਪਿੰਡ:- ਸਰੀਂਹ, ਹਲਕਾ ਨਕੋਦਰ ਵਿਖੇ ਇਤਿਹਾਸਿਕ ਅਸਥਾਨ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰਾ ਕਮਿਊਨਿਟੀ ਅਤੇ ਲੰਗਰ ਹਾਲ ਦੀ ਕਾਰ ਸੇਵਾ ਅਵਤਾਰ ਸਿੰਘ ਸੰਘੇੜਾ ਕਾਰ ਸੇਵਾ ਕਮੇਟੀ ਯੂ.ਕੇ ਅਤੇ ਬਾਬਾ ਅਮਰੀਕ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਰਹਿਨੁਮਾਈ ਹੇਠ ਅਤੇ ਸਮੂਹ ਨਗਰ ਨਿਵਾਸੀ ਸੰਗਤਾਂ, ਐਨਆਰਆਈ ਸੰਗਤਾਂ ਦੇ ਸਹਿਯੋਗ ਨਾਲ ਕਾਰ ਸੇਵਾ ਆਰੰਭ ਹੋਈ ਹੈ ਤਾਂ ਜੋ ਲੋੜਵੰਦ ਪਰਿਵਾਰਾਂ ਗੁਰਮਤਿ ਅਨੁਸਾਰ ਪ੍ਰੋਗਰਾਮ ਕਰ ਸਕਣਗੇ - ਗੁਰਪ੍ਰਤਾਪ ਸਿੰਘ ਵਡਾਲਾ।**

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



ਸ੍ਰੀ ਅਨੰਦਪੁਰ ਸਾਹਿਬ ਤੇ
ਸ੍ਰੀ ਅੰਮ੍ਰਿਤਸਰ ਸਾਹਿਬ ਨੂੰ
ਪਵਿੱਤਰ ਸ਼ਹਿਰ ਦਾ ਦਰਜਾ ਦੇਣ ਤੋਂ



# ਭਗਵੰਤ ਮਾਨ ਤੇ ਕੇਜਰੀਵਾਲ ਦੇ ਮੁਕਰਨ ਵਿਰੁੱਧ

# ਖ਼ਾਲਸਾ ਰੋਸ ਮਾਰਚ

ਐਤਵਾਰ 27 ਜੁਲਾਈ 2025

ਸਵੇਰੇ 11.00 ਵਜੇ ਆਰੰਭਤਾ

ਆਵਾਜ਼ਿ ਕੌਮ AWAZE QAUM International Newspaper & WEB TV

## ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ

ਸਮੂਹ ਸੰਗਤ,ਪੰਥਕ ਜਥੇਬੰਦੀਆਂ, ਕਿਸਾਨ ਅਤੇ ਨਿਹੰਗ ਸਿੰਘ ਜਥੇਬੰਦੀਆਂ, ਪੰਥਕ ਹਿਤੈਸ਼ੀਆਂ ਨੂੰ ਗੁਰੂ ਸਾਹਿਬ ਵੱਲੋਂ ਵਸਾਏ ਸ਼ਹਿਰਾਂ ਨੂੰ ਸਿੱਖ ਮਰਿਆਦਾ ਅਨੁਸਾਰ ਪਵਿੱਤਰ ਰੱਖਣ ਲਈ ਵੱਡੀ ਗਿਣਤੀ ਵਿੱਚ ਖਾਲਸਾ ਰੋਸ ਮਾਰਚ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।



## ਜਥੇਦਾਰ ਜਗਤਾਰ ਸਿੰਘ ਹਵਾਰਾ

M. 98881-63281, 9888001888

### ਅਕਾਲ ਅਕੈਡਮੀ ਬੋਪਾਰਾਏ ਵਿਖੇ ਰੁੱਖ ਲਗਾਓ ਮੁਹਿੰਮ ਦਾ ਆਗਾਜ਼

# ਵਿਦਿਆਰਥੀਆਂ ਵੱਲੋਂ ਵਾਤਾਵਰਨ ਸੁਰੱਖਿਆ ਲਈ ਪ੍ਰੇਰਨਾਦਾਇਕ ਪਹਿਲਕਦਮੀ




**ਨਕੋਦਰ, 24 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਕਲਗੀਧਰ ਟਰਸਟ ਬੜੂ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਅਕਾਲ ਅਕੈਡਮੀ ਬੋਪਾਰਾਏ ਦੇ "ਗੋ ਗਰੀਨ ਕਲੱਬ" ਵੱਲੋਂ ਵਾਤਾਵਰਨ ਜਾਗਰੂਕਤਾ ਅਤੇ ਪ੍ਰਕ੍ਰਿਤਿਕ ਸੰਸਥਾਨਾਂ ਦੀ ਰੱਖਿਆ ਲਈ ਇੱਕ ਵਿਸ਼ੇਸ਼ ਰੁੱਖ ਲਗਾਓ ਮੁਹਿੰਮ ਦਾ ਆਯੋਜਨ ਕੀਤਾ ਗਿਆ ।ਸਵੇਰ ਦੀ ਸਭਾ ਦੇ ਮੌਕੇ ਪੰਜ ਬਾਣੀਆਂ ਦੇ ਨਿੱਤਨੇਮ ਪਾਠ ਅਤੇ ਅਰਦਾਸ ਨਾਲ ਵਾਤਾਵਰਣ ਜਾਗਰੂਕਤਾ ਸਮਾਗਮ ਦਾ ਆਗਾਜ਼ ਹੋਇਆ , ਜਿਸ ਵਿੱਚ ਵਿਦਿਆਰਥੀਆਂ ਨੇ ਰੁੱਖ ਲਗਾਓ ਵਾਤਾਵਰਣ ਬਚਾਓ ਵਿਸ਼ੇ ਉੱਤੇ ਨਾਟਕ, ਕਵਿਤਾਵਾਂ ਅਤੇ ਭਾਸ਼ਣ ਪੇਸ਼ ਕੀਤੇ। ਵਿਦਿਆਰਥੀਆਂ ਵੱਲੋਂ ਵਾਤਾਵਰਣ ਸੁਰੱਖਿਆ ਸਬੰਧੀ ਸੁੰਦਰ ਸਲੋਗਨ ਤਿਆਰ ਕੀਤੇ ਗਏ।ਵਿਦਿਆਰਥੀਆਂ ਵੱਲੋਂ ਅਲੱਗ ਅਲੱਗ ਕਿਸਮਾਂ ਦੇ ਪੌਦੇ ਲਿਆਂਦੇ ਗਏ ਜਿਨ੍ਹਾਂ ਨੂੰ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਮਿਲ ਕੇ ਲਗਾਇਆ ਗਿਆ।ਅਕਾਲ ਅਕੈਡਮੀ ਬੋਪਾਰਾਏ ਦੇ ਪ੍ਰਿੰਸੀਪਲ ਗਗਨਮੀਤ ਕੌਰ ਨੇ ਵਿਦਿਆਰਥੀਆਂ ਨੂੰ ਰੁੱਖਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਅਤੇ ਸੀ.ਬੀ. ਐਸ .ਈ. ਬੋਰਡ ਵੱਲੋਂ ਚਲਾਏ ਜਾ ਰਹੇ "ਏਕ ਪੇੜ ਮਾਂ ਕੇ ਨਾਮ" ਅਭਿਆਨ ਹੇਠ ਰੁੱਖ ਲਗਾਉਣ ਲਈ ਉਤਸ਼ਾਹਿਤ ਕੀਤਾ। ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਵਿਦਿਆਰਥੀਆਂ ਦੇ ਮਾਪਿਆਂ ਦਾ ਵੀ ਬਹੁਤ ਵੱਡਾ ਯੋਗਦਾਨ ਰਿਹਾ।ਇਹ ਮੁਹਿੰਮ ਵਿਦਿਆਰਥੀਆਂ ਦੇ ਦਿਲਾਂ ਵਿੱਚ ਵਾਤਾਵਰਨ ਪ੍ਰਤੀ ਜ਼ਿੰਮੇਵਾਰੀ, ਪ੍ਰੇਰਣਾ ਅਤੇ ਸਰੋਕਾਰ ਪੈਦਾ ਕਰਨ ਵਾਲੀ ਇੱਕ ਵਧੀਆ ਕੋਸ਼ਿਸ਼ ਸਾਬਿਤ ਹੋਈ।

ਆਵਾਜ਼ਿ ਕੌਮ AWAZE QAUM International Newspaper & WEB TV

### ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਜਿਲ੍ਹਾ ਅੰਮ੍ਰਿਤਸਰ ਵਲੋਂ

# ਕਿਸਾਨੀ ਮਜਦੂਰਾਂ ਦੀਆਂ ਮੰਗਾਂ ਸੰਬੰਧੀ ਡੀ ਸੀ ਅੰਮ੍ਰਿਤਸਰ ਨੂੰ ਸੌਂਪਿਆ ਮੰਗ ਪੱਤਰ



**ਮੋਟਰ ਸਾਇਕਲ ਮਾਰਚ ਕੱਢ ਕਿਸਾਨਾਂ ਮਜ਼ਦੂਰਾਂ ਵੱਲੋਂ ਲੈਂਡ ਪੁਲਿੰਗ ਨੀਤੀ, ਚਿੱਪ ਵਾਲੇ ਮੀਟਰਾਂ ਖਿਲਾਫ ਮੰਗ ਪੱਤਰ**

ਜੰਡਿਆਲਾ ਗੁਰੂ 24 ਜੁਲਾਈ ( ਕੁਲਵੰਤ ਸਿੰਘ ਵਿਰਦੀ ) ਬੀ ਕੇ ਯੂ ਏਕਤਾ ਸਿੱਧੂਪੁਰ ਦੇ ਜਿਲ੍ਹਾ ਅੰਮ੍ਰਿਤਸਰ ਦੇ ਜਿਲ੍ਹਾ ਆਗੂ ਪਲਵਿੰਦਰ ਸਿੰਘ ਮਾਹਲ ਦੀ ਅਗਵਾਈ ਹੇਠ ਅੱਜ ਕਿਸਾਨਾਂ ਮਜ਼ਦੂਰਾਂ ਵੱਲੋਂ ਅੰਮ੍ਰਿਤਸਰ ਵਿੱਚ ਰਣਜੀਤ ਐਵੀਨਿਊ ਤੋਂ 43 ਦਫ਼ਤਰ ਤੱਕ ਵਿਸ਼ਾਲ ਮੋਟਰ ਸਾਇਕਲ ਮਾਰਚ ਕੱਢ ਡੀਸੀ ਅੰਮ੍ਰਿਤਸਰ ਨੂੰ ਮੰਗ ਪੱਤਰ ਸੌਂਪਿਆ ਗਿਆ। ਕਿਸਾਨ ਆਗੂ ਗੁਰਜੰਟ ਸਿੰਘ ਕੁਹਾਲੀ, ਜਗਜੀਤ ਸਿੰਘ ਕੁਹਾਲੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਮਜਦੂਰਾਂ ਦੀਆਂ ਵਾਹੀ ਯੋਗ ਜਮੀਨਾਂ ਤੇ ਡਾਕਾ ਮਾਰਨ ਵਾਸਤੇ ਜਿਹੜੀ ਲੈਂਡ ਪੁਲਿੰਗ ਨੀਤੀ ਲਿਆਂਦੀ ਗਈ ਹੈ ਅਸੀਂ ਓਸਦਾ ਤਿੱਖੇ ਸ਼ਬਦਾਂ ਵਿੱਚ ਵਿਰੋਧ ਕਰਦੇ ਹਾਂ।ਕਿਸਾਨ ਆਗੂ ਸਵਿੰਦਰ ਸਿੰਘ ਕਲੇਰ ਨੇ ਕਿਹਾ ਕਿ ਪੰਜਾਬ ਸਰਕਾਰ ਨਿੱਜੀ ਘਰਾਣਿਆ ਨੂੰ ਫਾਇਦਾ ਪਹੁੰਚਾਉਣ ਲਈ ਕੇਂਦਰ ਸਰਕਾਰ ਦੇ ਇਸ਼ਾਰਿਆਂ ਤੇ ਲੈਂਡ ਪੁਲਿੰਗ ਨੀਤੀ ਪੰਜਾਬ ਵਿੱਚ ਲਾਗੂ ਕਰ ਰਹੀ ਹੈ, ਕੋਈ ਵੀ ਕਿਸਾਨ ਆਪਣੀ ਜਮੀਨ ਲੈਂਡ ਪੁਲਿੰਗ ਨੀਤੀ ਅਧੀਨ ਨਹੀਂ ਦੇਣਾ ਚਾਹੁੰਦਾ। ਕਿਸਾਨ ਆਗੂ ਪਲਵਿੰਦਰ ਸਿੰਘ ਮਾਹਲ ਨੇ ਪੰਜਾਬ ਸਰਕਾਰ ਨੂੰ ਸਵਾਲ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੈਂਡ ਪੁਲਿੰਗ ਨੀਤੀ ਨੂੰ ਲਾਗੂ ਕਰਨ ਲਈ ਪਿਛਲੇ ਦਿਨੀਂ ਲੈਂਡ ਪੁਲਿੰਗ ਨੀਤੀ ਵਿਚ ਜਿਹੜਾ ਬਦਲਾਅ ਕੀਤਾ ਗਿਆ ਹੈ ਕਿ ਮੁਆਵਜਾ ਪਹਿਲਾਂ ਵੱਲੋਂ ਵੱਧ ਦਿੱਤਾ ਜਾਵੇਗਾ ਆਦਿ ਓਹ ਸਿਰਫ ਔਰ ਸਿਰਫ ਲੋਕਾਂ ਨੂੰ ਇੱਕ ਲੋਲੀਪੋਪ ਦੇਣਾ ਹੈ। ਕਿਸਾਨ ਆਗੂ ਦਲਜੀਤ ਸਿੰਘ ਖਾਲਸਾ, ਸਤਨਾਮ ਸਿੰਘ ਨੇ ਸਵਾਲ ਕੀਤੇ ਕਿ ਹਾਈਵੇ ਵਿੱਚ ਆਉਣ ਵਾਲੀਆਂ ਜ਼ਮੀਨਾਂ ਤਾਂ ਸਰਕਾਰ ਨੂੰ ਮੁਆਵਜਾ ਦਿੱਤੇ ਐਕਵਾਇਰ ਕਰ ਰਹੀ ਹੈ ਅਤੇ ਸਰਕਾਰੀ ਮੁਲਾਜ਼ਮ ਵੀ ਆਪਣੀਆਂ ਤਨਖਾਹਾਂ ਲਈ ਸੰਘਰਸ਼ ਕਰਨ ਲਈ ਮਜਬੂਰ ਹਨ ਅਤੇ ਵੋਟਾਂ ਵੇਲੇ ਬੀਬੀਆਂ ਨੂੰ 1000 ਰੁਪਏ ਦੇਣ ਵਾਲਾ ਵਾਅਦਾ ਵੀ ਅਜੇ ਸਰਕਾਰ ਪੂਰਾ ਨਹੀਂ ਕਰ ਪਾ ਰਹੀ। ਫਿਰ ਸਰਕਾਰ ਲੈਂਡ ਪੁਲਿੰਗ ਨੀਤੀ ਅਧੀਨ 21 ਸ਼ਹਿਰਾਂ ਦੀ 65533 ਏਕੜ ਆ ਰਹੀ ਜ਼ਮੀਨ ਦਾ ਸਾਲਾਨਾ ਬਣਦਾ ਪੈਸਾ ਕਿਵੇਂ ਦੇਵੇਗੀ। ਬਿਜਲੀ ਸੈਕਟਰ ਨੂੰ ਪ੍ਰਾਈਵੇਟ ਕੀਤਾ ਜਾ ਰਿਹਾ ਹੈ, ਅਤੇ ਪੰਜਾਬ ਵਿੱਚ ਚਿੱਪ ਵਾਲੇ ਮੀਟਰ ਲਗਾਏ ਜਾ ਰਹੇ ਹਨ, ਇਹ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਿਸਾਨ ਆਗੂ ਬਿੱਟਾ ਸਿੰਘ ਮਾਹਲ, ਹਰਮੀਤ ਸਿੰਘ ਧੀਰੇਕੋਟ, ਰਵਿੰਦਰ ਸਿੰਘ ਵੱਲ੍ਹਾ ਨੇ ਕਿਹਾ ਕਿ ਅੰਮ੍ਰਿਤਸਰ ਵਿੱਚ ਕੁੱਛ ਸਾਲਾਂ ਤੋਂ ਵੱਲ੍ਹੇ ਕੋਲ ਜਿਹੜਾ ਪੁਲ੍ਹ ਬਣ ਰਿਹਾ ਹੈ, ਉਸਨੂੰ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ, ਜਿਸ ਨਾਲ ਰਾਹਗੀਰਾਂ ਨੂੰ, ਸਕੂਲੀ ਬੱਚਿਆਂ ਨੂੰ ਅਤੇ ਵੱਲ੍ਹਾ ਮੰਡੀ ਵਿੱਚ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ ਆਦਿ ਨੂੰ ਆਉਣ ਜਾਣ ਵੇਲੇ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਅਸੀਂ ਮੰਗ ਕਰਦੇ ਹਾਂ ਕਿ ਇਸ ਪੁੱਲ ਦਾ ਕੰਮ ਜਲਦੀ ਕਰਵਾਇਆ ਜਾਵੇ ਕਿਸਾਨ ਆਗੂ ਸਵਿੰਦਰ ਸਿੰਘ ਚੜਪੁਰ, ਰਣਬੀਰ ਸਿੰਘ ਭੈਣੀ ਨੇ ਕਿਹਾ ਕਿ ਪ੍ਰਸ਼ਾਸ਼ਨ ਵੱਲੋਂ ਸਿਆਸੀ ਸ਼ਿਹ ਤੇ ਕਿਸਾਨ ਮਜ਼ਦੂਰ ਆਗੂਆਂ ਨੂੰ ਜਬਰੀ ਹਿਰਾਸਤ ਵਿੱਚ ਲੈਣਾ ਅਤੇ ਝੂਠੇ ਪਰਚੇ ਪਾਉਣ ਦਾ ਅਸੀਂ ਤਿੱਖੇ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ ਅਤੇ ਪੰਜਾਬ ਸਰਕਾਰ ਨੂੰ ਦਸ ਦੇਣਾ ਚਾਹੁੰਦੇ ਹਾਂ ਕਿ ਇਹ ਧੱਕਾ ਬਰਦਾਸਤ ਨਹੀਂ ਕੀਤਾ ਜਾਵੇਗਾ। ਇਸਦਾ ਜਵਾਬ ਤਿੱਖਾ ਸੰਘਰਸ਼ ਕਰ ਦਿੱਤਾ ਜਾਵੇਗਾ। ਕਿਸਾਨ ਆਗੂਆਂ ਕਿਹਾ ਕਿ ਕੁੱਛ ਮਹੀਨੇ ਪਹਿਲਾਂ ਗੜੇ ਮਾਰੀ ਨਾਲ ਬਰਬਾਦ ਹੋਈ ਫਸਲ ਦਾ ਮੁਆਵਜ਼ਾ ਵੀ ਅਜੇ ਤੱਕ ਨਹੀਂ ਲਾਗੂ ਕੀਤਾ ਗਿਆ। ਮੁਆਵਜਾ ਜਲਦ ਤੋਂ ਜਲਦ ਲਾਗੂ ਕਰਨਾ ਚਾਹੀਦਾ ਹੈ ਇਸ ਮੌਕੇ ਆਗੂ ਸਾਬ ਸਿੰਘ ਚੈਨਪੁਰ, ਤਾਜ ਸਿੰਘ, ਮਗਵਿੰਦਰ ਸਿੰਘ, ਲਵਪ੍ਰੀਤ ਸਿੰਘ ਕਲੇਰ, ਜਤਿੰਦਰ ਦੇਵ, ਰੇਸ਼ਮ ਸਿੰਘ ਨੰਬਰਦਾਰ, ਜੋਗਾ ਸਿੰਘ, ਮਨਬੀਰ ਸਿੰਘ, ਗੁਰਵਿੰਦਰ ਸਿੰਘ ਢਿੱਲੋਂ, ਧੀਰ ਸਿੰਘ, ਬਲਬੀਰ ਸਿੰਘ ਚੇਅਰਮੈਨ, ਅਮਰਜੀਤ ਸਿੰਘ ਕੋਟਲਾ ਆਦਿ ਹਾਜ਼ਰ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV

# ਕਿਤਾਬ 'ਕੌਰਨਾਮਾ-2' ਦੇ ਸ਼ੁਕਰਾਨੇ ਵਜੋਂ ਗੁਰਦੁਆਰਾ ਲਿਖਣਸਰ ਸਾਹਿਬ ਵਿਖੇ ਕਰਵਾਈ ਅਰਦਾਸ



**ਨਵੀਂ ਦਿੱਲੀ , 24 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:-ਸਿੱਖ ਚਿੰਤਕ ਭਾਈ ਦਲਜੀਤ ਸਿੰਘ ਖਾਲਸਾ ਜੀ ਦੀ ਅਗਵਾਈ 'ਚ ਸੀਨੀਅਰ ਪੱਤਰਕਾਰ ਬਲਜਿੰਦਰ ਸਿੰਘ ਕੋਟਭਾਰਾ ਵੱਲੋਂ ਖਾੜਕੂ ਸੰਘਰਸ਼ ਦੀਆਂ ਸ਼ਹੀਦ ਬੀਬੀਆਂ ਦੀ ਗਾਥਾ 'ਕੌਰਨਾਮਾ-2' ਸਫ਼ਲਤਾ ਨਾਲ ਪੂਰੀ ਹੋਣ 'ਤੇ ਗੁਰਦੁਆਰਾ ਸ੍ਰੀ ਲਿਖਣਸਰ ਸਾਹਿਬ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸ਼ੁਕਰਾਨੇ ਵਜੋਂ ਅਰਦਾਸ ਕਰਵਾਈ ਗਈ। ਤਖ਼ਤ ਸਾਹਿਬ ਦੇ ਪੰਜ ਪਿਆਰਿਆਂ 'ਚ ਤਿੰਨ ਸਿੰਘਾਂ ਨੇ ਅਰਦਾਸ ਮੌਕੇ ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਸ਼ਹਾਦਤ, ਸੀਸ ਦੇਣ ਦੇ ਹਵਾਲੇ ਦਿੰਦਿਆ ਵਾਹਿਗੁਰੂ ਅੱਗੇ ਬੇਨਤੀ ਕੀਤੀ ਕਿ ਸ਼ਹੀਦ ਖਾੜਕੂ ਸਿੰਘਾਂ, ਸਿੰਘਣੀਆਂ ਕੌਮ ਦਾ ਭਵਿੱਖ ਤਹਿ ਕਰਦੀਆਂ ਹਨ ਤੇ ਇਹਨਾਂ ਦੇ ਇਤਿਹਾਸ ਲਿਖਣ ਲਈ ਬਖ਼ਿਸਸ ਕੀਤੀ ਜਾਵੇ। ਉਹਨਾਂ ਅਰਦਾਸ ਬਾਅਦ ਲੇਖਕ ਬਲਜਿੰਦਰ ਸਿੰਘ ਨੂੰ ਗੁਰੂ ਦੀ ਬਖ਼ਿਸਸ ਸਿਰਪਾਓ ਭੇਂਟ ਕਰਕੇ ਸਨਮਾਨ ਕੀਤਾ। ਬਲਜਿੰਦਰ ਸਿੰਘ ਨੇ ਅਰਦਾਸ ਕਰਕੇ ਗੁਰੂ ਸਾਹਿਬ ਤੋਂ ਬਲ ਬੁੱਧੀ, ਬਿਬੇਕ ਤੇ ਬਾਕੀ ਲਿਖਣ ਵਾਲੇ ਇਤਿਹਾਸ ਨੂੰ ਲਿਖਣ ਦਾ ਵਰ ਮੰਗਿਆ ਕਿ ਗੁਰੂ ਇਸੇ ਤਰ੍ਹਾਂ ਹੀ ਸੇਵਾ ਕਰਵਾਉਂਦੇ ਰਹਿਣ। ਜਾਰੀ ਕੀਤੇ ਗਏ ਪ੍ਰੈਸ ਬਿਆਨ ਵਿੱਚ ਬਾਬਾ ਹਰਦੀਪ ਸਿੰਘ ਮਹਿਰਾਜ ਨੇ ਸਿੱਖ ਕੌਮ ਨੂੰ ਖਾੜਕੂ ਸੰਘਰਸ਼ ਬਾਰੇ ਵੱਧ ਤੋਂ ਵੱਧ ਕਿਤਾਬਾਂ, ਇਤਿਹਾਸਕ ਦਸਤਾਵੇਜ਼ ਪੜ੍ਹਨ ਦੀ ਅਪੀਲ ਕਰਦਿਆ ਕਿਹਾ ਕਿ ਜੋ ਕੌਮਾਂ ਇਤਿਹਾਸ ਨੂੰ ਭੁੱਲ ਜਾਂਦੀਆਂ ਹਨ, ਉਹ ਉਹਨਾਂ ਖਾਤਰ ਸ਼ਹੀਦ ਹੋਇਆਂ ਨੂੰ ਬੇਦਾਵਾ ਦੇ ਦਿੰਦੀਆਂ ਹਨ। ਉਹਨਾਂ ਕਿਹਾ ਕਿ ਸ਼ਹੀਦ ਬੀਬੀਆਂ ਦੀ ਇਹ ਵਾਰਤਾ ਇੱਕ ਇਤਿਹਾਸਕ ਦਸਤਾਵੇਜ ਹੈ, ਜੋ ਲਹਿਰ ਦੇ ਅਮਰ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੀ ਪ੍ਰੇਰਨਾ ਸਦਕਾ ਸ਼ੁਰੂ ਕੀਤੀ ਗਈ ਸੀ ਪਰ ਇਸ ਦਾ ਪਹਿਲਾ ਹਿੱਸਾ ਉਹਨਾਂ ਦੀ ਸ਼ਹਾਦਤ ਤੋਂ ਬਾਅਦ ਹੀ ਪੂਰਾ ਹੋਇਆ ਤੇ ਇਹਨਾਂ ਨੂੰ ਬਿਬੇਕਵੜ੍ਹ ਪ੍ਰਸ਼ਾਸਨ ਨੇ ਛਪਵਾ ਕੇ ਕੌਮ ਦੇ ਸਨਮੁੱਖ ਕੀਤਾ। ਉਹਨਾਂ ਭਵਿੱਖ 'ਚ ਇਸ ਕਾਰਜ ਦੇ ਜਾਰੀ ਰਹਿਣ ਦੀ ਉਮੀਦ ਵੀ ਪ੍ਰਗਟ ਕੀਤੀ। ਇਸ ਮੌਕੇ ਪੰਜ ਪਿਆਰਿਆਂ 'ਚ ਤਿੰਨ ਸਿੰਘ, ਲੇਖਕ ਬਲਜਿੰਦਰ ਸਿੰਘ ਕੋਟਭਾਰਾ, ਬੀਬੀ ਜਸਪਾਲ ਕੌਰ ਚਹਿਲਾਂਵਾਲੀ, ਬੀਬੀ ਵੀਰਪਾਲ ਕੌਰ ਤਲਵੰਡੀ ਸਾਬੋ ਵੀ ਮੌਜੂਦ ਸਨ। ਅਰਦਾਸ ਬਾਅਦ ਪੁੱਜੇ ਸ਼ਹੀਦ ਬੀਬੀ ਜਤਿੰਦਰ ਕੌਰ ਉਰਫ ਰਾਜਵੀਰ ਕੌਰ ਨਾਗੋਕੇ ਤੇ ਸ਼ਹੀਦ ਭਾਈ ਗੁਰਮੁੱਖ ਸਿੰਘ ਨਾਗੋਕੇ ਦੀ ਸਪੁੱਤਰੀ ਬੀਬੀ ਤੇਜਬੀਰ ਕੌਰ ਨਾਗੋਕੇ ਨੂੰ 'ਕੌਰਨਾਮਾ-2' ਭੇਂਟ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰੂ ਨਗਰੀ ਅੰਮ੍ਰਿਤਸਰ ਚ ਨਕਲੀ ਘਿਓ ਦੁੱਧ ਪਨੀਰ ਖੋਆ ਤੇ ਦੇਸੀ ਘਿਓ ਦੀ ਵਿਕਰੀ ਜੋਰਾਂ 'ਤੇ, ਜੋਤ ਵਿੱਚ ਪਾਉਣ ਲਈ ਗੁਰੂ ਘਰਾਂ ਦੇ ਬਾਹਰ ਵਿਕ ਰਿਹਾ ਨਕਲੀ ਦੇਸੀ ਘਿਓ

### ਅੰਮ੍ਰਿਤਸਰ ਦੇ ਡੀਸੀ ਨੂੰ ਸਮਾਜ ਸੇਵੀ ਤੇ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਕੀਤੀ ਸ਼ਿਕਾਇਤ ਤੇ ਕਾਰਵਾਈ ਦੀ ਕੀਤੀ ਮੰਗ

**ਜੰਡਿਆਲਾ ਗੁਰੂ 24 ਜੁਲਾਈ ( ਕੁਲਵੰਤ ਸਿੰਘ ਵਿਰਦੀ )**-ਅੰਮ੍ਰਿਤਸਰ ਦੇ ਏਡੀਸੀ ਰੋਹਿਤ ਗੁਪਤਾ ਨਾਲ ਮੁਲਾਕਾਤ ਕਰਨ ਦੇ ਲਈ ਪਹੁੰਚੇ ਸਮਾਜ ਸੇਵੀ ਤੇ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਉਨਾਂ ਨੇ ਇੱਕ ਲਿਖਤੀ ਸ਼ਿਕਾਇਤ ਕੀਤੀ ਤੇ ਸਖਤ ਕਾਰਵਾਈ ਦੀ ਕੀਤੀ ਮੰਗ ਗੱਲਬਾਤ ਕਰਦੇ ਹੋਏ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਪੂਰੇ ਪੰਜਾਬ ਦੇ ਵਿੱਚ ਬੜੀ ਤੇਜ਼ੀ ਨਾਲ ਨਕਲੀ ਦੁੱਧ ਖੋਇਆ ਪਨੀਰ ਤੇ ਦੇਸੀ ਘਿਓ ਵਿਕ ਰਿਹਾ ਹੈ ਉਹਨਾਂ ਦੱਸਿਆ ਕਿ ਇਹ ਅੰਮ੍ਰਿਤਸਰ ਦੇ ਵਿੱਚ ਬਹੁਤ ਤੇਜ਼ੀ ਨਾਲ ਵਿਕ ਰਿਹਾ ਹੈ ਤੇ ਇਸ ਦਾ ਸਭ ਤੋਂ ਜਿਆਦਾ ਨੁਕਸਾਨ ਆਮ ਲੋਕਾਂ ਨੂੰ ਹੈ ਜੋ ਰੋਜ਼ ਆਪਣੀ ਆਮ ਜ਼ਿੰਦਗੀ ਦੇ ਵਿੱਚ ਦੁੱਧ ਦਹੀ ਪਨੀਰ ਤੇ ਦੇਸੀ ਘਿਓ ਦੀ ਵਰਤੋ ਕਰਦੇ ਨੇ ਉਹਨਾਂ ਦੱਸਿਆ ਕੀ ਗੁਰੂ ਘਰਾਂ ਦੇ ਬਾਹਰ ਬੜੀ ਤੇਜ਼ੀ ਦੇ ਨਾਲ ਨਕਲੀ ਦੇਸੀ ਘਿਓ ਵਿਕ ਰਿਹਾ ਹੈ ਜੋ ਸੰਗਤਾਂ ਬੜੀ ਸ਼ਰਧਾ ਦੇ ਨਾਲ ਜੋਤ ਵਿੱਚ ਪਾਉਣ ਦੇ ਲਈ ਖੜਦੀਆਂ ਨੇ ਤੇ ਉਹਨਾਂ ਨੂੰ ਕੀ ਪਤਾ ਕਿ ਇਹ ਲੋਕ ਉਹਨਾਂ ਦੇ ਨਾਲ ਗੁਰੂ ਘਰ ਦੇ ਬਾਹਰ ਬਹਿ ਕੇ ਧੋਖਾ ਕਰ ਰਹੇ ਨੇ ਤੇ ਨਕਲੀ ਘਿਓ ਦੇ ਕੇ ਪੂਰੇ ਪੈਸੇ ਲੈ ਰਹੇ ਨੇ ਤੇ ਦੇਸੀ ਘਿਓ ਦੀ ਬਜਾਏ ਡਾਲਡੇ ਘਿਓ ਵਿੱਚ ਕੈਮੀਕਲ ਪਾ ਕੇ ਉਹਨਾਂ ਨੂੰ ਦੇ ਰਹੇ ਨੇ ਤੇ ਜੋ ਜੋਤ ਵਿੱਚ ਘਿਓ ਪਾਇਆ ਜਾ ਰਿਹਾ ਹੈ ਉਹ ਸਾਰਾ ਨਕਲੀ ਘਿਓ ਹੈ ਉਹਨਾਂ ਕਿਹਾ ਕਿ ਇਸ ਦਾ ਖੁਲਾਸਾ ਪ੍ਰਸ਼ਾਸਨ ਨੇ ਵੀ ਕਰ ਦਿੱਤਾ ਹੈ ਤੇ ਇਹ ਬੜੀ ਤੇਜ਼ੀ ਦੇ ਨਾਲ ਅੰਮ੍ਰਿਤਸਰ ਵਿੱਚ ਵਿਕ ਰਿਹਾ ਹੈ ਤੇ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਤੋਂ ਉਹਨਾਂ ਨੇ ਮੰਗ ਕੀਤੀ ਕਿ ਜੋ ਲੋਕਾਂ ਦੇ ਜੀਵਨ ਦੇ ਨਾਲ ਖਲਵਾੜ ਕਰਦੇ ਨੇ ਅਜਿਹੇ ਲੋਕਾਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਹੋਣੀ ਚਾਹੀਦੀ ਹੈ ਤੇ ਇਸਦੇ ਬਾਬਤ ਅੱਜ ਅੰਮ੍ਰਿਤਸਰ ਦੇ ਡੀਸੀ ਰੋਹਿਤ ਗੁਪਤਾ ਜੀ ਦੇ ਨਾਲ ਸੋਨੂ ਜੰਡਿਆਲਾ ਨੇ ਮੁਲਾਕਾਤ ਕੀਤੀ ਤੇ ਇਸ ਪੂਰੀ ਗੱਲਬਾਤ ਨੂੰ ਉਹਨਾਂ ਨਾਲ ਸਾਂਝਾ ਕੀਤਾ ਤੇ ਮੰਗ ਕੀਤੀ ਕਿ ਜੋ ਅੰਮ੍ਰਿਤਸਰ ਦੇ ਵਿੱਚ ਨਕਲੀ ਦੁੱਧ ਖੋਆ ਪਨੀਰ ਦੇਸੀ ਘਿਓ ਵੇਚ ਰਹੇ ਨੇ ਇਹਨਾਂ ਖਿਲਾਫ ਬਣ ਵੀ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਕਿਉਂਕਿ ਇਹ ਲੋਕ ਲੋਕਾਂ ਦੀ ਸਿਹਤ ਨਾਲ ਖਲਵਾੜ ਕਰ ਰਹੇ ਨੇ ਤੇ ਨਕਲੀ ਚੀਜ਼ਾਂ ਦੇਖ ਕੇ ਬਿਮਾਰੀਆਂ ਨੂੰ ਨਿਉਤਾ ਦੇ ਰਹੇ ਨੇ ਇਸ ਮੌਕੇ ਤੇ ਹਾਜ਼ਰ ਦਲੇਰ ਸਿੰਘ ਸਿਮਰਜੀਤ ਸਿੰਘ ਦਮਨਦੀਪ ਸਿੰਘ ਜੋਬਨਜੀਤ ਸਿੰਘ ਸਕੱਤਰ ਸਿੰਘ ਜਸਪਾਲ ਸਿੰਘ ਆਦੀ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

# ਕਾਂਝਲਾ ਨਿਵਾਸੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪਿੰਡ ਨੂੰ ਗਰਾਂਟਾਂ ਦੇ ਗੱਫੇ ਦੇਣ 'ਤੇ ਧੰਨਵਾਦ

**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਪਣੇ ਹਲਕੇ ਧੂਰੀ ਦੇ 75 ਪਿੰਡਾਂ ਅਤੇ ਸ਼ਹਿਰ ਦੀਆਂ ਸਮਾਜ ਸੇਵੀ ਸੰਸਥਾਵਾਂ ,ਕਲੱਬਾਂ , ਕਮੇਟੀਆਂ, ਸੋਸਾਇਟੀਆਂ ਨੂੰ ਕਰੋੜਾਂ ਰੁਪਏ ਦੇ ਆਗੂਆਂ ਨੂੰ ਚੈੱਕ ਦਿੱਤੇ ਗਏ। ਇਸੇ ਹੀ ਤਰਾਂ ਧੂਰੀ ਹਲਕੇ ਦੇ ਪਿੰਡ ਕਾਂਝਲਾ ਨੂੰ ਵੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 63 ਲੱਖ ਰੁਪਇਆ ਦੇ ਕੇ ਖੁੱਲਾ ਗੱਫਾ ਦਿੱਤਾ । ਕਾਂਝਲਾ ਨੂੰ 63 ਲੱਖ ਰੁਪਏ ਦਾ ਗੱਫਾ ਮਿਲਣ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਸੰਤ ਕੁਮਾਰ ਕਾਂਝਲਾ ਕਰਮਜੀਤ ਸਿੰਘ ਕਾਂਝਲਾ, ਪਰਮਜੀਤ ਸਿੰਘ ਕਾਂਝਲਾ, ਰਣਜੋਧ ਸਿੰਘ ਕਾਂਝਲਾ, ਨਪਿੰਦਰ ਸਿੰਘ ਕਾਂਝਲਾ, ਹਰਜਿੰਦਰ ਸਿੰਘ ਕਾਂਝਲਾ, ਗੁਰਨਾਮ ਸਿੰਘ ਕਾਂਝਲਾ, ਸਾਬਕਾ ਸਰਪੰਚ ਅਮਨਦੀਪ ਸਿੰਘ ਕਾਂਝਲਾ, ਜੀਤਪਾਲ ਸਿੰਘ ,ਦੇਵ ਸਿੰਘ ਕਾਂਝਲਾ, ਦੀਪਇੰਦਰ ਸਿੰਘ ਕਾਂਝਲਾ ਸਮੇਤ ਆਦਿ ਆਗੂਆਂ ਨੇ ਕਿਹਾ ਕਿ ਅਸੀਂ ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਦਾ ਦਿਲ ਦੀਆਂ ਗਹਿਰਾਈਆਂ ਚੋਂ ਧੰਨਵਾਦ ਕਰਦੇ ਹਾਂ ਜਿਨਾਂ ਨੇ ਸਾਡੇ ਨਗਰ ਉੱਤੇ ਪਹਿਲਾਂ ਵੀ ਮਿਹਰ ਭਰਿਆ ਹੱਥ ਰੱਖ ਕੇ ਗਰਾਂਟਾਂ ਦੇ ਖੁੱਲੇ ਗੱਫੇ ਦੇ ਕੇ ਪਿੰਡ ਦੀ ਨੁਹਾਰ ਬਦਲੀ ਹੈ ਹੁਣ ਫੇਰ ਦੁਬਾਰਾ 63 ਲੱਖ ਰੁਪਏ ਪਿੰਡ ਕਾਂਝਲਾ ਨੂੰ ਪਾ ਕੇ ਕਾਂਝਲਾ ਨਿਵਾਸੀਆਂ ਦਾ ਦਿਲ ਜਿੱਤਿਆ ਹੈ। ਜਿੱਥੇ ਅਸੀਂ ਪੰਜਾਬ ਦੇ ਮੁੱਖ ਮੰਤਰੀ ਦਾ ਦਿਲ ਦੇ ਗਹਿਰਾਈਆਂ ਚੋਂ ਧੰਨਵਾਦ ਕਰਦੇ ਹਾਂ ਉੱਥੇ ਉਹਨਾਂ ਨੂੰ ਮੁਬਾਰਕਬਾਦ ਵੀ ਦਿੰਦੇ ਹਾਂ ਕਿ ਤੁਹਾਡੀ ਰਹਿਣ ਨੁਮਾਈ ਹੇਠ ਵਿੱਚ ਪੰਜਾਬ ਦੁਬਾਰਾ ਸੋਨੇ ਦੀ ਚਿੜੀ ਵੜਨ ਜਾ ਰਿਹਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### ਸ੍ਰੀ ਅੰਮ੍ਰਿਤਸਰ ਸਾਹਿਬ ਤੇ ਸ੍ਰੀ ਆਨੰਦਪੁਰ ਸਾਹਿਬ ਜੀ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣ ਲਈ

# ਕੇਸਗੜ੍ਹ ਸਾਹਿਬ ਜੀ ਤੋਂ ਰੋਸ ਮਾਰਚ 27 ਜੁਲਾਈ ਨੂੰ ਰਣਜੀਤ ਸਿੰਘ ਭੋਮਾ



**ਜੰਡਿਆਲਾ ਗੁਰੂ, 24 ਜੁਲਾਈ ( ਕੁਲਵੰਤ ਸਿੰਘ ਵਿਰਦੀ )**-ਧੰਨ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਮਹਾਰਾਜ ਜੀ ਤੇ ਦਸਮੇਸ਼ ਪਿਤਾ ਸਰਬੰਸ ਦਾਨੀ ਸਾਹਿਬੇ ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੂੰ ਪਿਆਰ ਤੇ ਸਤਿਕਾਰ ਕਰਨ ਵਾਲੀਆਂ ਸੰਗਤਾਂ ਸਵਰਗਾਂ ਦੇ ਘਰ ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਸ੍ਰੀ ਅੰਮ੍ਰਿਸਰ ਸਾਹਿਬ ਜੀ ਤੇ ਸ੍ਰੀ ਆਨੰਦਪੁਰ ਸਾਹਿਬ ਜੀ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣ ਲਈ 27 ਜੁਲਾਈ ਨੂੰ ਖਾਲਸਾ ਰੋਸ ਮਾਰਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਸ੍ਰੀ ਆਨੰਦਪੁਰ ਸਾਹਿਬ ਜੀ ਵਿਖੇ ਸਮੂਹ ਜਥੇਬੰਦੀ ਵੱਲੋਂ ਕੱਢਿਆ ਜਾ ਰਿਹਾ ਹੈ ਅਤੇ ਇਸੇ ਦੇ ਚੱਲਦਿਆਂ ਬਾਬਾ ਗੁਰਦੇਵ ਸਿੰਘ ਚੰਡੀਗੜ੍ਹ ਵਾਲਿਆਂ ਨੇ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਭੋਮਾ ਤੇ ਉਨਾਂ ਦੇ ਸਾਥੀਆਂ ਨੂੰ ਪਵਿੱਤਰਤਾ ਬਹਾਲੀ ਲਈ ਉਠਾਈ ਗਈ ਬੁਲੰਦ ਅਵਾਜ਼ ਦੀ ਚੜ੍ਹਦੀ ਕਲ੍ਹਾ ਲਈ ਗੁਰੂ ਸਾਹਿਬ ਦੀ ਬਖਸ਼ਿਸ਼ ਸਿਰਪਾਓ ਪਾ ਕਿ ਸਨਮਾਨਿਤ ਕੀਤਾ ਇਸ ਮੌਕੇ ਰਣਜੀਤ ਸਿੰਘ ਭੋਮਾ ਨੇ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਪੰਜਾਬ ਭਰ ਦੇ ਜਿਲਿਆਂ ਅਤੇ ਕਸਬਿਆਂ ਪਿੰਡਾ ਵਿਚੋਂ ਸੰਗਤਾਂ ਸ੍ਰੀ ਆਨੰਦਪੁਰ ਸਾਹਿਬ ਜੀ 27 ਜੁਲਾਈ ਨੂੰ 11 ਵਜੇ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ ਅੱਗੇ ਜਥੇਦਾਰ ਰਣਜੀਤ ਸਿੰਘ ਭੋਮਾ ਸਮਾਜ ਸੁਧਾਰ ਸੰਸਥਾ ਪੰਜਾਬ ਦੇ ਪ੍ਰਧਾਨ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਹੋਇਆ ਕਿਹਾ ਕਿ ਅਸੀਂ ਪਿਛਲੇ 13 ਸਾਲਾ ਤੋ ਮੰਗ ਕਰ ਰਹੇ ਹਾਂ ਕਿ ਗੁਰੂ ਨਗਰੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਜੀ ਦੀ ਚਰਨਛੋਹ ਤੇ ਵਸਾਈ ਪਵਿੱਤਰ ਨਗਰੀ ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਤੋ ਰੋਜ਼ਾਨਾ ਦੇਸ ਵਿਦੇਸ਼ ਤੋਂ ਲੱਖਾਂ ਸੰਗਤਾਂ ਜਹਾਜ਼ਾਂ ਰੇਲਾ ਬੱਸਾਂ ਰਾਹੀਂ ਦਰਸਨ ਕਰਨ ਲਈ ਹਰੇਕ ਧਰਮ ਦੀਆਂ ਸੰਗਤਾਂ ਆ ਰਹੀਆਂ ਹਨ ਦਰਸਨ ਕਰਨ ਸਮੇਂ ਚੋਕ ਮਹਾਂ ਸਿੰਘ ਹਾਲ ਗੇਟ ਸੇਰਾ ਵਾਲਾ ਗੇਟ ਥਾਣ ਬੀ ਡਵੀਜ਼ਨ ਕਹੀਆਂ ਵਾਲੇ ਬਜਾਰਾਂ ਚ ਮੀਟ ਮੱਛੀ ਆਂਡੇ ਤਮਾਕੂ ਪਾਨ ਬੀੜੀਆਂ ਸਰਾਬ ਦੇ ਠੇਕੇ ਸਰੇਆਮ ਸਰਕਾਰ ਦੀ ਸਹਿ ਤੇ ਵੱਖ ਵੱਖ ਦੁਸ਼ਟ ਦੁਕਾਨਦਾਰਾਂ ਨੇ ਖੋਲੇ ਹੋਏ ਹਨ ਜਿਸ ਨਾਲ ਦੇਸ ਵਿਦੇਸ ਤੋ ਵੱਖ ਵੱਖ ਧਰਮਾਂ ਦੀਆਂ ਸੰਗਤਾਂ ਨੂੰ ਦਰਸਨ ਕਰਨ ਸਮੇਂ ਸਰਧਾ ਭਾਵਨਾ ਨੂੰ ਬਹੁਤ ਠੇਸ ਪਹੁੰਚਾਉਂਦੀਆਂ ਹਨ ਭਾਈ ਰਣਜੀਤ ਸਿੰਘ ਭੋਮਾ ਨੇ ਦੱਸਿਆ ਕਿ ਸ੍ਰੀ ਅੰਮਿਤਸਰ ਸਾਹਿਬ ਦੇ ਡਿਪਟੀ ਕਮਿਸਨਰ ਤੇ ਐਸ ਡੀ ਐਮ ਸ੍ਰੀ ਅੰਮਿਤਸਰ ਸਾਹਿਬ ਜੀ ਨੂੰ 13 ਸਾਲਾਂ ਤੋ ਅਨੇਕਾਂ ਵਾਰ ਮੰਗ ਪੱਤਰ ਵੱਡੀ ਗਿਣਤੀ ਵਿੱਚ ਸੰਗਤਾਂ ਦੇ ਕਾਫਲੇ ਨਾਲ ਦਿੱਤੇ ਹਨ ਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਡਾ ਨਿੱਝਰ ਨੂੰ ਪਵਿੱਤਰਤਾ ਬਹਾਲੀ ਮੰਗ ਘਰ ਜਾ ਕੇ ਦਿੱਤੇ ਹਨ ਪਰ ਪ੍ਰਸਾਸਨ ਸ੍ਰੀ ਅੰਮ੍ਰਿਸਰ ਸਾਹਿਬ ਤੇ ਕੁਲਦੀਪ ਸਿੰਘ ਧਾਲੀਵਾਲ ਸਾਰੇ ਕੁੰਭ ਕਰਨੀ ਨੀਦ ਸੁੱਤੇ ਪਏ ਹਨ ਸਰੇਆਮ ਧਾਰਮਿਕ ਪਬਲਿਕ ਪਲੇਸ ਵਿੱਚ ਨਸਿਆ ਦੀਆ ਦੁਕਾਨਾਂ ਚੱਲਣ ਨਾਲ ਉਲੰਘਣਾ ਹੋ ਰਹੀ ਹੈ ਧਾਰਮਿਕ ਅਸਥਾਨ ਦੇ ਦਰਸ਼ਨ ਕਰਨ ਵਾਲਿਆਂ ਰਸਤਿਆਂ ਵਿੱਚ ਕੋਈ ਵੀ ਮੀਟ ਸਰਾਬ ਪਾਨ ਬੀੜੀਆਂ ਦੀਆਂ ਦੁਕਾਨਾਂ ਨਹੀਂ ਖੋਲ ਸਕਦਾ ਸਾਰੇ ਕਾਨੂੰਨ ਛਿੱਕੇ ਟੰਗੇ ਹੋਏ ਹਨ ਭਾਈ ਭੋਮਾ ਨੇ ਕਿਹਾ ਕਿ ਇਸ ਅਸਥਾਨ ਤੇ ਪੰਜਾਬ ਦਾ ਮੁੱਖ ਮੰਤਰੀ ਤੇ ਕੈਬਨਿਟ ਮੰਤਰੀ ਵਿਧਾਇਕ ਚੁਣੇ ਤੇ ਡਿਪਟੀ ਕਮਿਸਨਰ ਅੰਮਿਤਸਰ ਤੇ ਵੱਡੇ ਹੋਰ ਅਫਸਰ ਤੇ ਜੱਜ ਹਾਈਕੋਰਟ ਸੁਪਰੀਮ ਕੋਰਟ ਪ੍ਰੀਵਾਰਾਂ ਸਮੇਤ ਨਤਮਸਤਕ ਹੁੰਦੇ ਹਨ ਪਰ ਕਿਸੇ ਨੂੰ ਵੀ 13 ਸਾਲਾਂ ਵਿੱਚ ਗੁਰੂ ਨਗਰੀ ਦੀ ਪਵਿੱਤਰਤਾ ਬਹਾਲੀ ਲਈ ਯਾਦ ਨਹੀਂ ਆਉਂਦੀ ਮੁੱਖ ਮੰਤਰੀ ਪੰਜਾਬ ਨੂੰ ਪਹਿਲ ਦੇ ਅਧਾਰ ਤੇ ਕਾਸੀ ਹਰਿਦੁਆਰ ਕੁਰਕੇਛਤਰ ਮਥਰਾ ਮੱਧਪ੍ਰਦੇਸ਼ ਸਰਕਾਰ ਆਦਿ ਨੇ ਹਿੰਦੂ ਮੰਦਰਾਂ ਦੀ ਪਵਿੱਤਰਤਾ ਨੂੰ ਮੁੱਖ ਰਖਦਿਆਂ ਪਵਿੱਤਰ ਸ਼ਹਿਰ ਐਲਾਨੇ ਹੋਏ ਹਨ ਪੰਜਾਬ ਦੇ ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਨੂੰ ਪੰਜਾਬ ਵਿੱਚ ਪਵਿੱਤਰਤਾ ਬਹਾਲੀ ਲਈ ਮਤੇ ਪਾਸ ਕਰਕੇ ਪਹਿਲ ਦੇ ਆਧਾਰ ਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਜੀ ਦੀ ਵਸਾਈ ਗੁਰੂ ਨਗਰੀ ਤੇ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਜੀ ਦੀ ਪਵਿੱਤਰ ਨਗਰੀ ਸ੍ਰੀ ਆਨੰਦਪੁਰ ਸਾਹਿਬ ਜੀ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦਾ ਐਲਾਨ ਕਰਨਾ ਚਾਹੀਦਾ ਹੈ ਤੇ ਗੁਰੂ ਨਗਰੀ ਲਈ ਸ਼ਹਿਰ ਦੀ ਸੁੰਦਰਤਾ ਵਿਕਾਸ ਲਈ ਕਰੋੜਾਂ ਰੁਪੈ ਗ੍ਰਾ ਜਾਰੀ ਕਰਨੀ ਚਾਹੀਦੀ ਹੈ ਤੇ ਗੁਰੂ ਘਰ ਦੀਆਂ ਸੜਕਾਂ ਵਧੀਆ ਪ੍ਰੀਮਕਸ ਪਾਕੇ ਸੁੰਦਰ ਸੁਨਹਿਰੀ ਬਣਾਈਆਂ ਜਾਣ ਚੌਂਕਾਂ ਵਿੱਚ ਸੁੰਦਰ ਸੁਨਹਿਰੀ ਗੇਟ ਬਣਾਏ ਜਾਣ ਤੇ ਠੰਡੇ ਜਲ ਦੀਆਂ ਛਬੀਲਾਂ ਲਗਾਈਆਂ ਜਾਣ ਭਾਈ ਭੋਮਾ ਨੇ ਕਿਹਾ ਕਿ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਨਗਰੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਅਸਥਾਨ ਦੀ ਮੁੱਖ ਮੰਤਰੀ ਪਵਿੱਤਰਤਾ ਬਹਾਲ ਕਰਾਵੇਗਾ ਤਾਂ ਉਸ ਨੂੰ ਸੋਨੇ ਦੇ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ ਪਵਿੱਤਰਤਾ ਬਹਾਲੀ ਤੱਕ ਆਖਰੀ ਸਵਾਸਾਂ ਤੱਕ ਸੰਘਰਸ਼ ਜਾਰੀ ਰਹੇਗਾ । ਰਣਜੀਤ ਸਿੰਘ ਭੋਮਾ ਪ੍ਰਧਾਨ ਸਮਾਜ ਸੁਧਾਰ ਸੰਸਥਾ ਪੰਜਾਬ 9878089832 =8264320308 ਸਮੂਹ ਸੰਗਤਾਂ ਖਬਰ ਪੜ੍ਹਕੇ ਵੱਖ ਵੱਖ ਗਰੁੱਪਾਂ ਵਿੱਚ ਪਾਕੇ ਯੋਗਦਾਨ ਪਾਉਣ ਤੇ 27 ਜੁਲਾਈ ਨੂੰ ਪ੍ਰੀਵਾਰਾਂ ਸਮੇਤ ਜਰੂਰੀ ਪਹੁੰਚਣ ਗੁਰੂ ਸਾਹਿਬ ਜੀ ਪ੍ਰੀਵਾਰਾਂ ਚ ਚੜ੍ਹਦੀ ਕਲ੍ਹਾ ਕਰਨਗੇ।

ਆਵਾਜ਼ਿ ਕੌਮ AWAZE QAUM International Newspaper & WEB TV

**13 ਸਾਲਾਂ ਤੋਂ ਲਗਾਤਰ ਦਿੱਤੇ ਜਾ ਰਹੇ ਮੰਗ ਪੱਤਰ ਪ੍ਰਸ਼ਾਸਨ ਤੇ ਸਰਕਾਰ ਸੁੱਤੇ ਕੁੰਭਕਰਨੀ ਨੀਂਦ**

### ਮੰਤਰੀ ਈ.ਟੀ.ਓ. ਦੇ ਦੋਵਾਂ ਵਿਭਾਗਾਂ ਦੀ ਕਾਰਗੁਜ਼ਾਰੀ ਤੋਂ ਲੋਕ ਖੁਸ਼ : ਜਰਮਨ ਉਦੋਨੰਗਲ

# 'ਹਲਕਾ ਜੰਡਿਆਲਾ ਦਾ ਵਿਕਾਸ ਸਿਖਰਾਂ 'ਤੇ ਲਿਜਾਣ ਲਈ ਈ. ਟੀ. ਓ . ਯਤਨਸ਼ੀਲ'

ਚੌਕ ਮਹਿਤਾ, 24 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)-ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ. ਟੀ. ਓ. ਪਿਛਲੇ 70 ਸਾਲਾਂ ਤੋਂ ਪੱਛੜ ਚੁੱਕੇ ਹਲਕਾ ਜੰਡਿਆਲਾ ਗੁਰੂ ਦੇ ਵਿਕਾਸ ਨੂੰ ਸਿਖਰਾਂ ਤਕ ਲਿਜਾਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹਨ। ਇਹ ਪ੍ਰਗਟਾਵਾ ਬਲਾਕ ਪ੍ਰਧਾਨ ਜਰਮਨ ਉਦੋਨੰਗਲ ਨੇ ਅੱਜ ਇਥੇ ਗੱਲਬਾਤ ਕਰਦਿਆਂ ਕੀਤਾ।



ਉਨ੍ਹਾਂ ਆਖਿਆ ਕਿ ਮੰਤਰੀ ਈ.ਟੀ. ਓ. ਆਪਣੇ ਦੋਵਾਂ ਵਿਭਾਗਾਂ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਅ ਰਹੇ ਹਨ। ਸੂਬੇ ਦੀ ਜ਼ਿੰਮੇਵਾਰੀ ਦੇ ਨਾਲ-ਨਾਲ ਖਾਸ ਤੌਰ 'ਤੇ ਹਲਕਾ ਜੰਡਿਆਲਾ ਦੇ ਵਿਕਾਸ ਨੂੰ ਮੁੱਖ ਤਰਜੀਹ ਦੇ ਰਹੇ ਹਨ, ਜਿੱਥੇ ਬਿਜਲੀ ਦੇ ਖੇਤਰ 'ਚ ਲੋਕਾਂ ਦੀ ਜ਼ਰੂਰਤ ਮੁਤਾਬਕ ਨਵੇਂ ਟਰਾਂਸਫਾਰਮਰ ਅਤੇ ਬਿਜਲੀ ਦੇ ਹੋਰ ਕੰਮ ਪਹਿਲ ਦੇ ਆਧਾਰ 'ਤੇ ਕੀਤੇ ਜਾ ਰਹੇ ਹਨ। ਮੰਤਰੀ ਈ. ਟੀ.ਓ. ਦੇ ਉਦਮ ਸਦਕਾ ਪੂਰੇ ਪੰਜਾਬ ਅੰਦਰ ਝੋਨੇ ਦੇ ਇਸ ਸੀਜ਼ਨ 'ਚ ਮੋਟਰਾਂ ਦੀ ਬਿਜਲੀ ਸਪਲਾਈ ਲਗਾਤਾਰ ਚਲਦੀ ਰਹੀ ਹੈ, ਕਿਸਾਨ ਮੋਟਰਾਂ ਬੰਦ ਕਰ ਕੇ ਮੰਤਰੀ ਈ.ਟੀ.ਓ. ਦਾ ਧੰਨਵਾਦ ਕਰਦੇ ਨਜ਼ਰ ਆਏ ਹਨ। ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਅਤੇ ਬਲਾਕ ਪ੍ਰਧਾਨ ਜਰਮਨ ਉਦੋਨੰਗਲ। ਇਸੇ ਤਰ੍ਹਾਂ ਸੜਕਾਂ ਦੀ ਗੱਲ ਹੋਵੇ ਤਾਂ ਮੰਤਰੀ ਸਾਹਿਬ ਨੇ ਨਵੀਆਂ ਲਿੰਕ ਸੜਕਾਂ ਦਾ ਜਾਲ ਵਿਛਾ ਦਿੱਤਾ ਹੈ। ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਨੂੰ ਆਪਸ 'ਚ ਜੋੜਦੀਆਂ ਲਿੰਕ ਸੜਕਾਂ ਨੂੰ 18 ਫੁੱਟ ਚੌੜਾ ਕਰ ਕੇ ਮੁੜ ਨਿਰਮਾਣ ਕਰਵਾਇਆ ਅਤੇ ਲੋਕਾਂ ਨੂੰ ਖਸਤਾ ਹਾਲਤ ਸੜਕਾਂ ਤੋਂ ਨਿਜਾਤ ਦਿਵਾਈ ਹੈ। ਮਿਆਦ ਪੁੱਗ ਚੁੱਕੇ ਡਰੇਨਾਂ ਤੇ ਪੁਲ ਦੁਬਾਰਾ ਨਵੇਂ ਬਣਾ ਕੇ ਆਵਾਜਾਈ ਨੂੰ ਸੁਖਾਲਾ ਬਣਾਉਣ 'ਚ ਬਾ-ਕਮਾਲ ਸੇਵਾਵਾਂ ਦਿੱਤੀਆਂ ਹਨ। ਪਿੰਡਾਂ ਦੀਆਂ ਗਲੀਆਂ, ਨਾਲੀਆਂ, ਕੱਚੇ ਰਸਤਿਆਂ ਨੂੰ ਪੱਕਾ, ਸਕੂਲਾਂ ਤੇ ਖੇਡ ਗਰਾਊਂਡਾਂ ਦਾ ਨਵੀਨੀਕਰਨ ਕਰ ਕੇ ਪਿੰਡਾਂ ਨੂੰ ਨਿਵੇਕਲੀ ਦਿੱਖ ਦਿੱਤੀ ਹੈ। ਜਰਮਨ ਉਦੋਨੰਗਲ ਨੇ ਵਿਸ਼ੇਸ਼ ਤੌਰ ਤੇ ਦੱਸਿਆ ਕਿ ਸਥਾਨਕ ਬਰੇਵ ਕੈ. ਮਨਜਿੰਦਰ ਸਿੰਘ ਭਿੰਡਰ ਸਟੇਡੀਅਮ ਮਹਿਤਾ ਨੰਗਲ ਨੂੰ ਅੱਪਗਰੇਡ ਕਰਨ ਲਈ ਮੰਤਰੀ ਹਰਭਜਨ ਸਿੰਘ ਈ. ਟੀ.ਓ. ਵੱਲੋਂ ਵੱਡੇ ਫੰਡ ਰਿਲੀਜ਼ ਕੀਤੇ ਜਾਣਗੇ।

ਆਵਾਜ਼ਿ ਕੌਮ AWAZE QAUM International Newspaper & WEB TV



# ਧੰਨ ਧੰਨ ਗੁਰੂ ਤੇਗ ਬਹਾਦਰ ਜੀ (ਹਿੰਦ ਦੀ ਚਾਦਰ)

**ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥**
**ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥**

ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਹਨ ਅਤੇ ਆਪ ਜੀ ਲੱਖਾਂ ਸਿੱਖਾਂ ਦੇ ਦਿਲਾਂ ਵਿੱਚ ਮਹੱਤਵਪੂਰਨ ਸਥਾਨ ਰੱਖਦੇ ਹਨ ਅਤੇ ਆਪ ਜੀ ਦੀ ਸੁਹਿਰਦ ਸਖਸ਼ੀਅਤ ਨੂੰ ਕੁਰਬਾਨੀ, ਹੌਸਲੇ ਅਤੇ ਅਡਿੱਠ ਵਿਸ਼ਵਾਸ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਆਪ ਜੀ ਦਾ ਜਨਮ ਮਿਤੀ 1 ਅਪ੍ਰੈਲ, 1621 ਨੂੰ ਮਾਤਾ ਨਾਨਕੀ ਜੀ ਦੀ ਕੁੱਖੋਂ ਸ੍ਰੀ ਅੰਮ੍ਰਿਤਸਰ ਸਾਹਿਬ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਹੋਇਆ ਆਪ ਸਰੀ ਗੁਰੂ ਹਰਗੋਬਿੰਦ ਸਾਹਿਬ ਛੇਵੇਂ ਗੁਰੂ ਸਾਹਿਬ ਅਤੇ ਮਾਤਾ ਨਾਨਕੀ ਦੇ ਪੰਜਵੇ ਸਪੁੱਤਰ ਸਨ ਆਪ ਦੀ ਜਿੰਦਗੀ ਅਤੇ ਸਿੱਖਿਆ ਦੁਨੀਆ ਭਰ ਵਿੱਚ ਲੋਕਾਂ ਨੂੰ ਪ੍ਰੇਰਿਤ ਕਰਦੀ ਹੈ ਅਤੇ ਆਪ ਜੀ ਦੀਆਂ ਸਿਖਿਆਵਾਂ ਧਰਮ ਦੀਆਂ ਸੀਮਾਵਾਂ ਨੂੰ ਪਾਰ ਕਰਦੀਆਂ ਹਨ ਅਤੇ ਨਿਆਂ, ਸਮਾਨਤਾ ਅਤੇ ਆਤਮਿਕ ਭਗਤੀ ਦੇ ਮੁੱਲਾਂ 'ਤੇ ਜ਼ੋਰ ਦਿੰਦੀਆਂ ਹਨ।

**ਜਵਾਨੀ ਅਤੇ ਆਤਮਿਕ ਯਾਤਰਾ :** ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਨਾਮ ਤਿਆਗ ਮਲ ਸੀ, ਜੋ ਉਨ੍ਹਾਂ ਦੀ ਸੰਸਾਰਕ ਪਦਾਰਥਾਂ ਤੋਂ ਨਿਰਮੋਹੀ ਪ੍ਰਕਿਰਤੀ ਨੂੰ ਦਰਸਾਉਂਦਾ ਹੈ। ਛੋਟੀ ਉਮਰ ਤੋਂ ਹੀ, ਉਨ੍ਹਾਂ ਨੇ ਗਹਿਰੇ ਆਤਮਿਕ ਰੁਝਾਨ ਦਿਖਾਏ ਅਤੇ ਧਿਆਨ ਅਤੇ ਬੰਦਗੀ ਵਿੱਚ ਸਮਾਂ ਬਤੀਤ ਕਰਨਾ ਆਰੰਭ ਕਰ ਦਿੱਤਾ ਸੀ। ਉਨ੍ਹਾਂ ਦੇ ਬਚਪਨ ਦਾ ਨਾਮ ਤਿਆਗ ਮੱਲ ਸੀ ।1635 ਵਿੱਚ ਕਰਤਾਰਪੁਰ ਦੀ ਲੜਾਈ ਵਿੱਚ ਗੁਰੂ ਹਰਗੋਬਿੰਦ ਜੀ ਨੇ ਬਹਾਦਰੀ ਨੂੰ ਦੇਖਦਿਆਂ ਉਨ੍ਹਾਂ ਦਾ ਨਾਮ ਤੇਗ ਬਹਾਦਰ ਰੱਖ ਦਿੱਤਾ ।ਆਪ ਨੇ ਆਪਣੇ ਪਿਤਾ ਧੰਨ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਸਗਿਰਦ ਬਣੇ ਅਤੇ ਬਾਅਦ ਵਿੱਚ ਆਪਣੇ ਪਿਤਾ ਦੀ ਮੌਤ ਤੋਂ ਬਾਅਦ, 1664 ਵਿੱਚ ਨੌਵੇਂ ਗੁਰੂ ਦੇ ਤੌਰ 'ਤੇ ਜ਼ਿੰਮੇਵਾਰੀ ਸੰਭਾਲੀ। ਉਨ੍ਹਾਂ ਦਾ ਸ਼ੁਰੂਆਤੀ ਜੀਵਨ ਅਧਿਆਤਮਿਕਤਾ ਪ੍ਰਤੀ ਡੂੰਘੀ ਵਚਨਬੱਧਤਾ ਨਾਲ ਭਰਪੂਰ ਸੀ। ਉਨ੍ਹਾਂ ਨੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਯਾਤਰਾ ਕੀਤੀ ਅਤੇ ਵੱਖ-ਵੱਖ ਸਮਾਜ ਉਸਾਰੂ ਕਾਰਜਾਂ ਵਿੱਚ ਸ਼ਾਮਿਲ ਹੋ ਕੇ ਸਿੱਖ ਧਰਮ ਦਾ ਸੁਨੇਹਾ ਫੈਲਾਇਆ। ਉਨ੍ਹਾਂ ਦੇ ਸਬਦ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਸ਼ੋਭਿਤ ਹਨ। ਆਪ ਜੀ ਨੇ ਆਪਣੀ ਬਾਣੀ ਰਾਹੀ ਸੇਵਾ, ਭਗਤੀ ਅਤੇ ਗਿਆਨ ਦੀ ਖੋਜ ਦੇ ਮਹੱਤਵ 'ਤੇ ਜ਼ੋਰ ਦਿੱਤਾ।

**ਧਾਰਮਿਕ ਆਜ਼ਾਦੀ ਲਈ ਖੜ੍ਹਾ ਹੋਣਾ :** ਗੁਰੂ ਤੇਗ ਬਹਾਦਰ ਜੀ ਦੀ ਵਿਰਾਸਤ ਖਾਸ ਕਰਕੇ ਧਾਰਮਿਕ ਦਬਾਵ ਦੇ ਖਿਲਾਫ ਉਨ੍ਹਾਂ ਦੇ ਹੌਸਲੇ ਭਰੇ ਖੜ੍ਹੇ ਹੋਣ ਨਾਲ ਪਰਿਚਿਤ ਹੈ। ਉਨ੍ਹਾਂ ਦੇ ਸਮੇਂ ਵਿੱਚ, ਮੁਗਲ ਸਾਮਰਾਜ ਸ਼ਿਹਜਾਦਾ ਔਰੰਗਜ਼ੇਬ ਦੇ ਹੱਥਾਂ ਵਿੱਚ ਸੀ ਅਤੇ ਜੋ ਆਪਣੀ ਕੱਟੜ ਨੀਤੀਆਂ ਲਈ ਜਾਣਿਆ ਜਾਂਦਾ ਸੀ। ਔਰੰਗਜ਼ੇਬ ਗੈਰ-ਇਸਲਾਮੀ ਧਰਮਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰਦਾ ਸੀ ।ਭਗਤਾਂ ਅਤੇ ਹੋਰ ਧਰਮਿਕ ਅਲਪਸੰਖਿਆਕਾਂ ਦੇ ਜ਼ਬਰਦਸਤ ਧਰਮ ਪਰਿਵਰਤਨ ਕੀਤੇ ਜਾ ਰਹੇ ਸਨ, ਜਿਸ ਨਾਲ ਵਿਸ਼ਾਲ ਦੁੱਖ ਅਤੇ ਅਨਿਆਂ ਦਾ ਸਮਾਜ ਬਣਿਆ। ਇਸ ਸੰਦਰਭ ਵਿੱਚ ਗੁਰੂ ਤੇਗ ਬਹਾਦਰ ਜੀ ਇੱਕ ਉਮੀਦ ਅਤੇ ਰੋਸ਼ਨੀ ਦਾ ਚਿੰਨ੍ਹ ਬਣ ਕੇ ਉਭਰੇ। ਉਨ੍ਹਾਂ ਦਾ ਮੰਨਣਾ ਸੀ ਕਿ ਹਰ ਵਿਅਕਤੀ ਨੂੰ ਆਪਣੇ ਧਰਮ ਦੀ ਅਨੁਸਾਰ ਕਾਰਜ ਕਰਨ ਦਾ ਅਧਿਕਾਰ ਹੈ । ਜਦੋਂ ਕੁਝ ਕਸ਼ਮੀਰੀ ਪੰਡਿਤਾਂ ਉਨ੍ਹਾਂ ਕੋਲ ਮਦਦ ਲਈ ਆਏ ਤਾਂ ਉਨ੍ਹਾਂ ਨੇ ਪੰਡਿਤਾਂ ਦੇ ਸੰਗ ਖੜ੍ਹੇ ਹੋਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਕੁਰਬਾਨੀ ਦੇਣ ਦੀ ਪੇਸ਼ਕਸ਼ ਕੀਤੀ ਤਾਂ ਜੋ ਉਹ ਆਪਣੇ ਧਰਮ ਨੂੰ ਬਿਨਾ ਕਿਸੇ ਡਰ ਭੈਅ ਦੇ ਨਿਭਾਅ ਸਕਣ।

1675 ਵਿੱਚ ਗੁਰੂ ਤੇਗ ਬਹਾਦਰ ਜੀ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਔਰੰਗਜ਼ੇਬ ਦੇ ਸਾਹਮਣੇ ਲਿਆਂਦਾ ਗਿਆ। ਬਹੁਤ ਸਾਰੇ ਦਬਾਅ ਦੇ ਬਾਵਜੂਦ, ਉਨ੍ਹਾਂ ਨੇ ਇਸਲਾਮ ਵਿੱਚ ਪਰਿਵਰਤਨ ਕਰਨ ਤੋਂ ਇਨਕਾਰ ਕੀਤਾ। ਉਨ੍ਹਾਂ ਦਾ ਆਪਣੇ ਧਰਮ ਨੂੰ ਛੱਡਣ ਤੋਂ ਇਨਕਾਰ ਕਰਨਾ ਅਤੇ ਇਹ ਇਨਕਾਰ ਆਖਿਰਕਾਰ ਉਨ੍ਹਾਂ ਦੀ ਸ਼ਹਾਦਤ ਦਾ ਕਾਰਨ ਬਣਿਆ। ਉਨ੍ਹਾਂ ਦੀ ਸ਼ਹਾਦਤ ਨਾ ਸਿਰਫ ਇੱਕ ਵਿਅਕਤੀ ਖਿਲਾਫ ਹਿੰਸਾ ਦਾ ਕੱਦਮ ਸੀ,ਬਲਕਿ ਤਾਨਾਸ਼ਾਹੀ ਅਤੇ ਦਬਾਵ ਦੇ ਖਿਲਾਫ ਇੱਕ ਦਲੇਰਾਨਾ ਬਿਆਨ ਸੀ। ਇਸ ਨੇ ਧਰਮਿਕ ਆਜ਼ਾਦੀ ਅਤੇ ਮਨੁੱਖੀ ਹੱਕਾਂ ਲਈ ਸੰਸਾਰਕ ਸੰਘਰਸ਼ ਨੂੰ ਉਜਾਗਰ ਕੀਤਾ।

**ਵਿਰਾਸਤ ਅਤੇ ਸਿੱਖਿਆ :** ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਸਿੱਖ ਧਰਮ ਅਤੇ ਭਾਰਤੀ ਸਮਾਜ 'ਤੇ ਡੂੰਘਾ ਪ੍ਰਭਾਵ ਪਾਇਆ। ਉਨ੍ਹਾਂ ਦੀ ਕੁਰਬਾਨੀ ਲੋਕਾਂ ਲਈ ਇੱਕ ਇਕੱਠਾ ਕਰਨ ਵਾਲਾ ਬਿੰਦੂ ਬਣ ਗਿਆ ਜੋ ਦਬਾਵ ਅਤੇ ਅਨਿਆਇਆਂ ਦੇ ਖਿਲਾਫ ਲੜ ਰਹੇ ਸਨ। ਉਨ੍ਹਾਂ ਨੂੰ "ਹਿੰਦ ਦੀ ਚਾਦਰ" ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਕੁਝ ਮੁੱਖ ਸਿਧਾਂਤਾਂ 'ਤੇ ਜ਼ੋਰ ਦਿੰਦੀਆਂ ਹਨ:

1. ਵਿਸ਼ਵਾਸ ਅਤੇ ਭਗਤੀ: ਉਨ੍ਹਾਂ ਨੇ ਸਿਖਾਇਆ ਕਿ ਸੱਚੀ ਆਤਮਿਕਤਾ ਦਾ ਮੂਲ ਪ੍ਰਭੂ 'ਤੇ ਅਡਿੱਠ ਵਿਸ਼ਵਾਸ ਅਤੇ ਮਨੁੱਖਤਾ ਪ੍ਰਤੀ ਨਿਸ਼ਕਾਮ ਭਗਤੀ ਵਿੱਚ ਹੈ।
2. ਸਮਾਨਤਾ: ਉਨ੍ਹਾਂ ਦੀ ਜਿੰਦਗੀ ਨੇ ਇਹ ਵਿਸ਼ਵਾਸ ਪ੍ਰਗਟ ਕੀਤਾ ਕਿ ਸਭ ਮਨੁੱਖ ਸਮਾਨ ਹਨ ਚਾਹੇ ਉਹ ਕਿਸੇ ਵੀ ਜਾਤੀ, ਸੰਪਰਦਾਇਕ ਜਾਂ ਧਰਮ ਨਾਲ ਸੰਬੰਧਿਤ ਹੋਣ।
3. ਹੌਸਲਾ: ਉਨ੍ਹਾਂ ਨੇ ਪ੍ਰਤਿਕੂਲਤਾ ਦੇ ਸਾਹਮਣੇ ਹੌਸਲੇ ਦੀ ਭਾਵਨਾ ਨੂੰ ਦਰਸਾਇਆ, ਹੋਰਨਾਂ ਨੂੰ ਅਨਿਆਇਆਂ ਦੇ ਖਿਲਾਫ ਖੜ੍ਹਾ ਹੋਣ ਲਈ ਪ੍ਰੇਰਿਤ ਕੀਤਾ।
4. ਸੇਵਾ: ਉਨ੍ਹਾਂ ਦਾ ਨਿਸ਼ਕਾਮ ਸੇਵਾ 'ਤੇ ਜ਼ੋਰ ਅਨੇਕ ਲੋਕਾਂ ਨੂੰ ਸਮਾਜ ਵਿੱਚ ਸਕਾਰਾਤਮਕ ਯੋਗਦਾਨ ਕਰਨ ਲਈ ਪ੍ਰੇਰਿਤ ਕਰਦਾ ਹੈ।

**ਗੁਰੂ ਸਾਹਿਬ ਦੀ ਬਾਣੀ:** ਗੁਰੂ ਗ੍ਰੰਥ ਸਾਹਿਬ ਵਿੱਚ, ਗੁਰੂ ਤੇਗ. ਬਹਾਦਰ ਸਾਹਿਬ ਦੇ 15 ਰਾਗਾਂ ਵਿੱਚ 59 ਸ਼ਬਦ ਅਤੇ 57 ਸਲੋਕ ਦਰਜ਼ ਹਨ ।ਉਨ੍ਹਾਂ ਦੀ ਬਾਣੀ, ਗੁਰੂ ਗੋਬਿੰਦ ਸਿੰਘ ਨੇ, 1706 ਈ. ਵਿੱਚ, ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਵਿਖੇ, ਗੁਰੂ ਗ੍ਰੰਥ ਸਾਹਿਬ ਵਿੱਚ ਚੜ੍ਹਾਈ ।ਰਾਗਾਂ ਅਨੁਸਾਰ ਗੁਰੂ ਤੇਗ. ਬਹਾਦਰ ਸਾਹਿਬ ਦੇ ਬਾਣੀ ਦਾ ਵੇਰਵਾ ਇਸ ਤਰ੍ਹਾਂ ਹੈ;

1. ਰਾਗੁ ਗਉੜੀ = 9 ਸ਼ਬਦ
2. ਰਾਗੁ ਆਸਾ = 1 ਸ਼ਬਦ
3. ਰਾਗੁ ਦੇਵਗੰਧਾਰੀ = 3 ਸ਼ਬਦ
4. ਰਾਗੁ ਬਿਹਾਗੜਾ = 1 ਸ਼ਬਦ
5. ਰਾਗੁ ਸੋਰਠਿ = 12 ਸ਼ਬਦ
6. ਰਾਗੁ ਧਨਾਸਰੀ = 4 ਸ਼ਬਦ
7. ਰਾਗੁ ਜੈਤਸਰੀ = 3 ਸ਼ਬਦ
8. ਰਾਗੁ ਟੋਡੀ = 1 ਸ਼ਬਦ
9. ਰਾਗੁ ਤਿਲੰਗ = 3 ਸ਼ਬਦ
10. ਰਾਗੁ ਬਿਲਾਵਲ = 3 ਸ਼ਬਦ
11. ਰਾਗੁ ਰਾਮਕਲੀ = 3 ਸ਼ਬਦ
12. ਰਾਗੁ ਮਾਰੂ = 3 ਸ਼ਬਦ
13. ਰਾਗੁ ਬਸੰਤੁ = 5 ਸ਼ਬਦ
14. ਰਾਗੁ ਸਾਰੰਗ = 4 ਸ਼ਬਦ
15. ਰਾਗੁ ਜੈਜਾਵੰਤੀ = 4 ਸ਼ਬਦ

ਆਵਾਜ਼ਿ ਕੌਮ AWAZE QAUM International Newspaper & WEB TV

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥16॥ ਪੰਨਾ 1427**

ਗੁਰੂ ਤੇਗ ਬਹਾਦਰ ਜੀ ਦੀ ਜਿੰਦਗੀ ਅਤੇ ਸਿੱਖਿਆਵਾਂ ਸਿੱਖ ਧਰਮ ਅਤੇ ਸਮਾਜ ਉਪਰ ਡੂੰਘਾ ਅਸਰ ਪਾਉਂਦੀਆਂ। ਨਿਆਂ, ਸਮਾਨਤਾ ਅਤੇ ਧਰਮਿਕ ਆਜ਼ਾਦੀ ਲਈ ਉਨ੍ਹਾਂ ਦੀ ਕੁਰਬਾਨੀ ਸਮਾਜ ਲਈ ਇੱਕ ਮਾਰਗ ਦਰਸ਼ਕ ਹੈ ਜੋ ਅੱਜ ਵੀ ਅਸਹਿਣਸ਼ੀਲਤਾ ਅਤੇ ਵਿਭਾਜਨ ਨਾਲ ਜੂਝ ਰਿਹਾ ਹੈ। ਜਦੋਂ ਅਸੀਂ ਉਨ੍ਹਾਂ ਦੀ ਵਿਰਾਸਤ 'ਤੇ ਵਿਚਾਰ ਕਰਦੇ ਹਾਂ ਤਾਂ ਸਾਨੂੰ ਆਪਣੇ ਵਿਸ਼ਵਾਸਾਂ ਲਈ ਖੜ੍ਹਾ ਹੋਣ ਅਤੇ ਹੋਰਨਾਂ ਦੇ ਹੱਕਾਂ ਦੀ ਰੱਖਿਆ ਕਰਨ ਦੀ ਮਹੱਤਤਾ ਯਾਦ ਆਉਂਦੀ ਹੈ। ਇਕ ਐਸੀ ਦੁਨੀਆ ਵਿੱਚ ਜੋ ਅਕਸਰ ਧਰਮਿਕ ਫ਼ਰਕਾਂ ਦੁਆਰਾ ਵੰਡੀਆਂ ਜਾਂਦੀ ਹੈ, ਗੁਰੂ ਤੇਗ ਬਹਾਦਰ ਜੀ ਦਾ ਸੁਨੇਹਾ ਬਹੁਤ ਮਹੱਤਵਪੂਰਨ ਹੈ—ਇੱਕ ਏਕਤਾ, ਦਇਆ ਅਤੇ ਸਾਰੇ ਧਰਮਾਂ ਦਾ ਆਦਰ ਕਰਨ ਵਾਲਾ ਸੁਨੇਹਾ ਹੈ।



**-ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ**
**ਸ੍ਰੀ ਅਮ੍ਰਿਤਸਰ ਸਾਹਿਬ, ਪੰਜਾਬ।**

### ਲੰਡਨ ਵਿਚ ਭਾਰਤ-ਇੰਗਲੈਂਡ ਵਪਾਰਕ ਡੀਲ ਦੌਰਾਨ ਖਾਲਿਸਤਾਨ ਕਾਰਕੁਨਾਂ ਵੱਲੋਂ

# ਮੋਦੀ ਵਿਰੋਧੀ ਰੋਸ ਮੁਜ਼ਾਹਰਾ

## ਤਿਰੰਗੇ ਤੇ ਖੜ ਕੇ ਲੱਗੇ ਖਾਲਿਸਤਾਨ ਜਿੰਦਾਬਾਦ ਦੇ ਨਾਅਰੇ
















**ਲੰਡਨ, 24 ਜੁਲਾਈ (ਸਰਬਜੀਤ ਸਿੰਘ ਬਨੂੜ)**-ਭਾਰਤ ਅਤੇ ਇੰਗਲੈਂਡ ਦਰਮਿਆਨ ਹੋਈ ਇਤਿਹਾਸਕ £6 ਬਿਲੀਅਨ ਵਪਾਰਕ ਡੀਲ ਦੇ ਦਿਨ, ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਯਾਤਰਾ ਦੌਰਾਨ ਸਿੱਖਸ ਫਾਰ ਜਸਟਿਸ (SFJ) ਅਤੇ ਹੋਰ ਖ਼ਾਲਿਸਤਾਨੀ ਕਾਰਕੁਨਾਂ ਵੱਲੋਂ ਭਾਰੀ ਪੱਧਰ ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਬਕਿੰਗਹਮਸ਼ਾਇਰ ਦੇ ਚਿਲਟਰਨ ਪਹਾੜਾਂ ਵਿੱਚ ਸਥਿਤ ਸਰਕਾਰੀ ਰਿਹਾਇਸ਼ਗਾਹ ਨੇੜੇ ਰੋਸ ਪ੍ਰਦਰਸ਼ਨ ਦੀ ਅਗਵਾਈ ਭਾਈ ਪਰਮਜੀਤ ਸਿੰਘ ਪੰਮਾ ਵੱਲੋਂ ਕੀਤੀ ਗਈ। ਸੈਂਕੜੇ ਸਿੱਖ ਨੌਜਵਾਨ ਖਾਲਿਸਤਾਨ ਜਿੰਦਾਬਾਦ, ਮੋਦੀ ਕਾਤਲ ਹੈ, ਅਤੇ ਭਾਈ ਨਿੱਝਰ ਅਮਰ ਰਹੇ ਦੇ ਨਾਅਰੇ ਲਾਉਂਦੇ ਹੋਏ ਸੜਕਾਂ 'ਤੇ ਉਤਰੇ। ਮੋਦੀ ਦੀ ਬਕਿੰਗਹਮਸ਼ਾਇਰ ਯਾਤਰਾ ਸਥਲ ਦੇ ਨੇੜੇ ਮੌਜੂਦ ਤਿਰੰਗੇ ਝੰਡਿਆਂ 'ਤੇ ਖਾਲਿਸਤਾਨੀ ਕਾਰਕੁਨਾਂ ਨੇ ਝੰਡੇ 'ਤੇ ਖੜ੍ਹ ਕੇ ਕਿਹਾ ਕਿ ਮੋਦੀ ਦੇ ਹੱਥ ਬੇਗੁਨਾਹਾਂ ਦੇ ਖ਼ੂਨ ਨਾਲ ਲਿੱਬੜੇ ਹੋਏ ਹਨ। ਇਨਸਾਫ਼ ਲੈ ਕੇ ਰਹਾਂਗੇ। ਇਸੇ ਦੌਰਾਨ ਮੋਦੀ ਸਟਾਮਰ ਮੀਟਿੰਗ ਤੋਂ ਪਹਿਲਾਂ SFJ ਦੀ ਰਿਪੋਰਟ 'ਤੇ ਕਾਰਵਾਈ ਕੀਤੀ ਗਈ ਭਾਈ ਪਰਮਜੀਤ ਸਿੰਘ ਪੰਮਾ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਨੂੰ "ਅੰਤਰਰਾਸ਼ਟਰੀ ਦਮਨ ਅਧੀਨ ਭਾਰਤੀ ਸਰਕਾਰ ਵੱਲੋਂ ਵਿਦੇਸ਼ਾਂ ਵਿੱਚ ਸਿੱਖਾਂ ਦੇ ਹੱਕਾਂ ਦੀ ਉਲੰਘਣਾ" ਵਜੋਂ ਉਭਾਰਿਆ ਗਿਆ। ਇਸ ਰਿਪੋਰਟ ਨੂੰ ਇੰਗਲੈਂਡ ਦੀ ਪਾਰਲੀਮੈਂਟ ਨੇ "ਸੰਬੰਧਿਤ" ਮਾਮਲਾ ਮੰਨਦੇ ਹੋਏ ਆਪਣੇ ਸਰਕਾਰੀ ਵੈਬਸਾਈਟ 'ਤੇ ਪ੍ਰਕਾਸ਼ਿਤ ਵੀ ਕੀਤਾ ਹੈ। ਇਹ ਪਹਿਲੀ ਵਾਰ ਹੋਇਆ ਕਿ ਵੱਖਵਾਦ ਅਤੇ ਟਰਾਂਸਨੇਸ਼ਨਲ ਰੀਪ੍ਰੈਸ਼ਨ ਨਾਲ ਸਬੰਧਿਤ ਕੋਈ ਰਿਪੋਰਟ ਸਰਕਾਰੀ ਢੰਗ ਨਾਲ ਪ੍ਰਮਾਣਿਤ ਹੋਈ ਹੋਵੇ। ਇਸ ਰੋਸ ਮੁਜ਼ਾਹਰੇ ਦੌਰਾਨ ਭਾਈ ਪਰਮਜੀਤ ਸਿੰਘ ਪੰਮਾ ਤੋ ਇਲਾਵਾ ਭਾਈ ਜਸਬੀਰ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਦਪਿੰਦਰਜੀਤ ਸਿੰਘ ਬਰਮਿੰਘਮ, ਭਾਈ ਕੁਲਵੰਤ ਸਿੰਘ ਮੁਠੱਡਾ ਆਦਿ ਖਾਲਿਸਤਾਨੀ ਆਗੂ ਹਾਜ਼ਰ ਸਨ। ਇਨ੍ਹਾਂ ਨੇ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਖ਼ਾਲਿਸਤਾਨੀ ਲਹਿਰ ਨੂੰ ਜ਼ਿੰਦਾ ਰੱਖਣ ਦਾ ਐਲਾਨ ਕੀਤਾ। ਸਿੱਖ ਭਾਈਚਾਰੇ ਦੀ ਹਾਜ਼ਰੀ ਦੇ ਮੱਦੇਨਜ਼ਰ ਪੁਲਸ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਪ੍ਰਧਾਨ ਮੰਤਰੀ ਮੋਦੀ ਦੇ ਰੂਟ ਤੇ ਉੱਚ ਸਤਹ ਦੀ ਨਿਗਰਾਨੀ ਵਿਸ਼ੇਸ਼ ਰਸਤੇ ਆਰਜ਼ੀ ਤੌਰ 'ਤੇ ਬੰਦ ਕੀਤੇ ਗਏ। ••

ਆਵਾਜ਼ਿ ਕੌਮ AWAZE QAUM International Newspaper & WEB TV




ਆਵਾਜ਼ਿ ਕੌਮ AWAZE QAUM International Newspaper & WEB
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸ਼ਹੀਦੀ ਸ਼ਤਾਬਦੀ ਧਾਰਮਿਕ ਸਹਿਣਸ਼ੀਲਤਾ ਅਤੇ ਰਾਸ਼ਟਰੀ ਚੇਤਨਾ ਨੂੰ ਜਗਾਉਣ ਦਾ ਵੇਲਾ : ਪ੍ਰੋ. ਸਰਚਾਂਦ ਸਿੰਘ ਖਿਆਲਾ

# ਗਿਆਨੀ ਕੁਲਦੀਪ ਸਿੰਘ ਗੜਗੱਜ ਸ਼ਤਾਬਦੀ 'ਤੇ ਸਿੱਖ ਸੰਗਤਾਂ ਨੂੰ ਸਰਕਾਰੀ ਸਮਾਗਮ ਦਾ ਬਹਿਸਕਾਰ ਕਰਨ ਲਈ ਸੰਦੇਸ਼ ਜਾਰੀ ਕਰਨਗੇ ?



**ਅੰਮ੍ਰਿਤਸਰ, 24 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਜਨਤਾ ਪਾਰਟੀ ਪੰਜਾਬ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਅੱਜ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਵੱਖਰੇ ਤੌਰ 'ਤੇ ਮਨਾਉਣ ਦੀ ਜਿਦ ਛੱਡ ਕੇ, ਸਿੱਖਾਂ ਦੀ ਸਰਵਉਚ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਲੀਕੇ ਗਏ ਸਮਾਗਮਾਂ ਵਿੱਚ ਸ਼ਾਮਿਲ ਹੋਵੇ ਅਤੇ ਪੂਰਾ ਸਹਿਯੋਗ ਦੇਵੇ। ਪ੍ਰੋ. ਸਰਚਾਂਦ ਸਿੰਘ ਨੇ ਮੁੱਖ ਮੰਤਰੀ ਮਾਨ ਨੂੰ ਕਿਹਾ ਕਿ ਸਿੱਖ ਪੰਥ ਦਾ ਹਿਰਦਾ ਬਹੁਤ ਵਿਸ਼ਾਲ ਹੈ, ਜੋ ਵੀ ਗੁਰੂ ਪੰਥ ਦੀ ਸੇਵਾ ਕਰਦਾ ਹੈ, ਉਹਨੂੰ ਗੁਰੂ ਪੰਥ ਵਲੋਂ ਅਪਾਰ ਬਖਸ਼ਿਸ਼ਾਂ ਮਿਲਦੀਆਂ ਹਨ। ਉਹਨਾਂ ਯਾਦ ਦਿਵਾਇਆ ਕਿ 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਲਾਂਘੇ ਦੀ ਸ਼ੁਰੂਆਤ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ "ਮਸੀਹਾ" ਕਹਿ ਕੇ ਸਨਮਾਨਿਤ ਕੀਤਾ ਗਿਆ ਅਤੇ "ਕੌਮੀ ਸੇਵਾ ਅਵਾਰਡ" ਵੀ ਦਿੱਤਾ ਗਿਆ। ਪ੍ਰੋ. ਸਰਚਾਂਦ ਸਿੰਘ ਨੇ ਗਿਆਨੀ ਕੁਲਦੀਪ ਸਿੰਘ ਗੜਗੱਜ ਤੋਂ ਵੀ ਸਵਾਲ ਕੀਤਾ ਕਿ ਜੇਕਰ ਇੱਕ ਪਤਿਤ, ਗੈਰ ਅੰਮ੍ਰਿਤਧਾਰੀ ਅਤੇ ਸਾਬਤ ਸੂਰਤ ਨਾ ਹੋਣ ਵਾਲਾ ਮੁੱਖ ਮੰਤਰੀ ਭਗਵੰਤ

ਆਵਾਜ਼ਿ ਕੌਮ AWAZE QAUM International Newspaper & WEB TV

ਮਾਨ ਅਤੇ ਉਹਨਾਂ ਦੀ ਸਰਕਾਰ ਅਨੰਦਪੁਰ ਸਾਹਿਬ ਵਿੱਚ ਸ਼ਤਾਬਦੀ ਮਨਾਉਣ 'ਤੇ ਬਜ਼ਿਦ ਹੈ, ਤਾਂ ਕੀ ਉਹ ਸਿੱਖ ਸੰਗਤਾਂ ਨੂੰ ਸਰਕਾਰੀ ਸਮਾਗਮ ਦਾ ਬਹਿਸਕਾਰ ਕਰਨ ਦੀ ਅਪੀਲ ਕਰਨਗੇ ? ਉਹਨਾਂ ਮੁੱਖ ਮੰਤਰੀ ਮਾਨ ਨੂੰ ਸ਼੍ਰੋਮਣੀ ਕਮੇਟੀ ਨੂੰ "ਕਾਪੀਰਾਈਟ" ਜਾਂ "ਗੋਲਕ ਪ੍ਰਬੰਧਕ ਕਮੇਟੀ" ਕਹਿਣ ਵਾਲੀ ਸੋਚ ਨੂੰ ਤਿਆਗਣ ਦੀ ਸਲਾਹ ਦਿੰਦਿਆਂ ਕਿਹਾ ਕਿ ਚਾਹੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿੱਚ ਕਈ ਖਾਮੀਆਂ ਹੋਣ, ਪਰ ਇਹ ਸੰਸਥਾ ਸਾਡੇ ਬਜ਼ੁਰਗਾਂ ਦੀਆਂ ਕੁਰਬਾਨੀਆਂ ਅਤੇ ਸ਼ਹੀਦੀਆਂ ਸਦਕਾ ਬਣੀ ਹੈ। ਪ੍ਰੋ. ਖਿਆਲਾ ਨੇ ਮੁੱਖ ਮੰਤਰੀ ਨੂੰ ਕ੍ਰੈਡਿਟ ਵਾਰ ਤੋਂ ਬਚਣ ਦੀ ਸਲਾਹ ਦਿੰਦਿਆਂ ਕਿਹਾ ਕਿ ਸਿਰਫ਼ ਆਪਣੀ ਜਿਦ ਕਰਕੇ ਸਿੱਖ ਪੰਥ ਵਿੱਚ ਦੁਵਿਧਾ ਪੈਦਾ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਧਾਰਮਿਕ ਸ਼ਤਾਬਦੀਆਂ ਸਿਰਫ਼ ਧਰਮ ਅਤੇ ਵਿਰਸੇ ਨਾਲ ਨਹੀਂ ਜੋੜਦੀਆਂ, ਸਗੋਂ ਦੁਬਿਧਾ ਵਿੱਚ ਫਸੇ ਹੋਏ ਲੋਕਾਂ ਲਈ ਵੀ ਰਾਹ ਪੈਦਾ ਕਰਦੀਆਂ ਹਨ। ਇਸ ਸਮੇਂ ਨੂੰ ਅਸੀਂ ਧਾਰਮਿਕ ਸਹਿਣਸ਼ੀਲਤਾ ਅਤੇ ਰਾਸ਼ਟਰੀ ਚੇਤਨਾ ਨੂੰ ਜਗਾਈਏ , ਗੁਰੂ ਸਾਹਿਬਾਨ ਦੇ ਜੀਵਨ ਮੁੱਲ, ਉਪਦੇਸ਼, ਮਨੁੱਖਤਾ ਅਤੇ ਬਲਿਦਾਨ ਦੇ ਸੰਦੇਸ਼ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਈਏ। ਉਹਨਾਂ ਟਕਰਾਅ ਤੋਂ ਬਚਣ ਦੀ ਗੱਲ ਕਰਦਿਆਂ ਕਿਹਾ ਕਿ ਅਤੀਤ ਵਿੱਚ ਧਾਰਮਿਕ ਸ਼ਤਾਬਦੀਆਂ ਹਮੇਸ਼ਾ ਸ਼੍ਰੋਮਣੀ ਕਮੇਟੀ ਜਾਂ ਹੋਰ ਧਾਰਮਿਕ ਸੰਸਥਾਵਾਂ ਵੱਲੋਂ ਮਨਾਈਆਂ ਗਈਆਂ ਹਨ, ਜਿਨ੍ਹਾਂ ਵਿੱਚ ਸਰਕਾਰਾਂ ਵੱਲੋਂ ਵਿਕਾਸ ਕਾਰਜਾਂ ਰਾਹੀਂ ਸਹਿਯੋਗ ਦਿੱਤਾ ਗਿਆ ਹੈ। ਉਹਨਾਂ ਉਦਾਹਰਣਾਂ ਦੇ ਰੂਪ ਵਿੱਚ ਦੱਸਿਆ ਕਿ 2022 ਵਿੱਚ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 400ਵੀਂ ਜੋਤੀ ਜੋਤ ਸ਼ਤਾਬਦੀ ਮੌਕੇ ਲਾਲ ਕਿਲ੍ਹੇ ਵਿੱਚ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਵੱਲੋਂ ਸਮਾਗਮ ਕੀਤਾ ਗਿਆ ਸੀ, ਜਿਸ ਵਿੱਚ ਕੇਂਦਰ ਸਰਕਾਰ ਨੇ ਪੂਰਾ ਸਹਿਯੋਗ ਦਿੱਤਾ। 2017 ਵਿੱਚ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 350ਵੀਂ ਪ੍ਰਕਾਸ਼ ਪੁਰਬ ਮੌਕੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਮਾਗਮ ਕਰਵਾਏ ਗਏ, ਜਿਨ੍ਹਾਂ ਵਿੱਚ ਬਿਹਾਰ ਦੇ ਮੁੱਖ ਮੰਤਰੀ ਨੀਤਿਸ਼ ਕੁਮਾਰ ਦੇ ਮਹੱਤਵਪੂਰਨ ਸਹਿਯੋਗ ਨੂੰ ਸੰਗਤਾਂ ਯਾਦ ਕਰਦੀਆਂ ਹਨ। ਇਸੇ ਤਰਾਂ 1999 ਵਿੱਚ, ਅਕਾਲੀ-ਭਾਜਪਾ ਸਰਕਾਰ ਸਮੇਂ ਅਨੰਦਪੁਰ ਸਾਹਿਬ ਵਿੱਚ ਖ਼ਾਲਸਾ ਪੰਥ ਦੀ 300ਸਾਲਾ ਸਾਜਨਾ ਦਿਵਸ ਮਨਾਈ ਗਈ ਅਤੇ ਸਰਕਾਰ ਵਲੋਂ ਵਿਰਾਸਤ-ਏ-ਖ਼ਾਲਸਾ ਦੀ ਸਥਾਪਨਾ ਕੀਤੀ ਗਈ। ਪ੍ਰੋ. ਖਿਆਲਾ ਨੇ ਇਹ ਵੀ ਕਿਹਾ ਕਿ ਜੂਨ 2024 ਵਿੱਚ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੀ 450ਵੀਂ ਜੋਤੀ ਜੋਤ ਸਮਾਗਮ ਦੌਰਾਨ ਮਾਨ ਸਰਕਾਰ ਵੱਲੋਂ ਦਿਖਾਈ ਗਈ ਉਦੇਸੀਨਤਾ ਕਾਰਨ ਲੋਕਾਂ ਵਿੱਚ ਨਾਰਾਜ਼ਗੀ ਹੈ, ਅਤੇ ਹੁਣ ਅਨੰਦਪੁਰ ਸਾਹਿਬ ਵਿੱਚ ਸ਼ਹੀਦੀ ਸ਼ਤਾਬਦੀ ਮਨਾਉਣ ਦੀ ਜਿਦ ਉਸੇ ਨਾਰਾਜ਼ਗੀ ਦਾ ਨਤੀਜਾ ਹੈ। ਉਹਨਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਫਟਕਾਰ ਲਾਉਂਦਿਆਂ ਕਿਹਾ ਕਿ ਸਾਢੇ ਤਿੰਨ ਸਾਲਾਂ ਵਿੱਚ ਕਈ ਧਾਰਮਿਕ ਸ਼ਤਾਬਦੀਆਂ ਆਈਆਂ, ਪਰ ਸਰਕਾਰ ਵੱਲੋਂ ਕੋਈ ਯੋਗਦਾਨ ਨਹੀਂ ਦਿੱਤਾ ਗਿਆ। ਉਹਨਾਂ ਸਰਕਾਰ ਵੱਲੋਂ ਦਿੱਤੇ ਜਾ ਰਹੇ ਇਸ ਤਰਕ ਨੂੰ ਵੀ ਗਲਤ ਦੱਸਿਆ ਕਿ "ਜਿਵੇਂ ਬਾਬਾ ਬਕਾਲਾ ਵਿੱਚ ਰੱਖੜ ਪੁੰਨਿਆ, ਅਨੰਦਪੁਰ ਸਾਹਿਬ ਵਿੱਚ ਹੋਲਾ ਮਹੱਲਾ ਅਤੇ ਮੁਕਤਸਰ ਵਿੱਚ ਮਾਘੀ ਮੌਕੇ ਸਿਆਸੀ ਪਾਰਟੀਆਂ ਸਟੇਜ ਲਗਾਦੀਆਂ ਹਨ, ਤਿਵੇਂ ਅਸੀਂ ਵੀ ਸ਼ਤਾਬਦੀ ਸਮਾਗਮ ਕਰਾਂਗੇ।" ਪ੍ਰੋ. ਸਰਚਾਂਦ ਸਿੰਘ ਨੇ ਸਵਾਲ ਕੀਤਾ , "ਕੀ ਅਨੰਦਪੁਰ ਸਾਹਿਬ ਵਿੱਚ ਸਰਕਾਰ ਅਤੇ ਆਮ ਆਦਮੀ ਪਾਰਟੀ ਸ਼ਹੀਦੀ ਸ਼ਤਾਬਦੀ ਦੇ ਨਾਂ 'ਤੇ ਸਿਆਸੀ ਸਟੇਜ ਲਗਾਉਣ ਜਾ ਰਹੀ ਹੈ ?"

**ਪੰਜਾਬ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ 'ਤੇ ਸ਼੍ਰੋਮਣੀ ਕਮੇਟੀ ਨੂੰ ਦੇਵੇ ਸਹਿਯੋਗ : ਪ੍ਰੋ. ਸਰਚਾਂਦ ਸਿੰਘ ਖਿਆਲਾ**

# ਮੌਲਵੀ ਸਾਹਿਬ ਦੀ ਦਰਗਾਹ ਤੇ ਉਰਸ ਦੀ ਸ਼ੁਰੂਆਤ ਕਵਾਲੀਆਂ ਦੇ ਨਾਲ ਸ਼ਾਨੋ ਸ਼ੌਕਤ ਨਾਲ ਕੀਤੀ



**ਸੰਗਰੂਰ, 23 ਜੁਲਾਈ (ਆਵਾਜ਼ਿ ਕੌਮ ਬਿਊਰੋ)**- ਸਥਾਨਕ ਕੋਰਟ ਰੋਡ ਨਜ਼ਦੀਕ ਵੱਡਾ ਡਾਕਖਾਨਾ ਵਿਖੇ ਹਰ ਸਾਲ ਦੀ ਤਰ੍ਹਾਂ ਹਰਜ਼ਰਤ ਪੀਰ ਖੁਆਜਾ ਅਨਾਇਤ ਸ਼ਾਹ ਵਲੀ ਮਸਤ ਅਲਮਸਤ ਦਾਤਾ ਮੌਲਵੀ ਸਾਹਿਬ ਜੀ ਦੀ ਦਰਗਾਹ ਸ਼ਰੀਫ਼ ਤੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 57ਵਾਂ ਸਲਾਨਾ ਉਰਸ ਬੜੇ ਸ਼ਾਨੋ ਸ਼ੌਕਤ ਅਤੇ ਉਤਸ਼ਾਹ ਨਾਲ ਗੱਦੀ ਨਸ਼ੀਨ ਮੁੱਖ ਸੇਵਾਦਾਰ ਸਾਂਈ ਸਮਸ਼ਾਦ ਅਲੀ ਸ਼ਾਂਈ ਸਲੀਮ ਖਾਂ ਚਿਸਤੀ, ਸਾਂਈ ਅਲੀ ਅਕਬਰ ਚਿਸਤੀ ਦੀ ਦੇਖ-ਰੇਖ ਵਿੱਚ ਸ਼ੁਰੂ ਹੋਇਆ। ਜਿਸ ਦੌਰਾਨ ਮੌਲਵੀ ਸਾਹਿਬ ਦਾ ਸਵਰੂਪ ਦਰਗਾਹ ਤੋਂ ਢੋਲ ਢਮੱਕੇ ਦੇ ਨਾਲ ਸ਼ਰਧਾਲੂਆਂ ਵੱਲੋਂ ਨੱਚਦੇ ਗਾਉਂਦੇ ਹੋਏ ਮੌਲਵੀ ਸਾਹਿਬ ਦੇ ਜੈਕਾਰੇ ਲਗਾਉਂਦੀਆਂ ਵਿਸ਼ਾਲ ਸਜੇ ਹੋਏ ਪੰਡਾਲ ਵਿੱਚ ਲਿਆਂਦਾ ਗਿਆ ਅਤੇ ਉੱਘੀ ਸਮਾਜ ਸੇਵਿਕਾ ਪ੍ਰੀਤੀ ਮਹੰਤ, ਬਾਬਾ ਮਹੰਤ, ਤੱਬੂ ਮਹੰਤ, ਚੰਦਰਮੁੱਖੀ ਮਹੰਤ, ਰਵਨੀਤ ਮਹਿਤਾ, ਵਿਜੈ ਸਿੰਗਲਾ ਉੱਘੇ ਸਮਾਜ ਸੇਵੀ ਅਤੇ ਬੀ.ਜੇ.ਪੀ. ਦੇ ਸਪੋਰਟਸ ਸੈਲ ਦੇ ਇੰਚਾਰਜ ਕਰਮ ਲਹਿਲ, ਸੰਗਰੂਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਸੁਬਾਈ ਪੈਨਸ਼ਨਰ ਆਗੂ ਸ੍ਰੀ ਰਾਜ ਕੁਮਾਰ ਅਰੋੜਾ, ਲਾਈਟ ਐਂਡ ਸਾਊਂਡ ਵੈਲਫੇਅਰ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਪ੍ਰਕਾਸ਼ ਚੰਦ ਕਾਲਾ, ਸਮਾਜ ਸੇਵੀ ਅਤੇ ਧਾਰਮਿਕ ਆਗੂ ਦੀਪਕ ਕੁਮਾਰ ਦੀਪੂ ਬਾਬਾ, ਮੁਕੇਸ਼ ਪਾਲੀ, ਨਗਨ ਬਾਬਾ ਸਾਹਿਬ ਦਾਸ ਸੇਵਾਦਲ ਦੇ ਪ੍ਰਧਾਨ ਸ੍ਰੀ ਹਰੀਸ਼ ਅਰੋੜਾ, ਚੇਅਰਮੈਨ ਬਲਵਿੰਦਰ ਸ਼ਰਮਾ, ਰਜਿੰਦਰ ਚੋਪੜਾ ਵੱਲੋਂ ਚਿਰਾਗ ਰੋਸ਼ਨ ਕੀਤਾ ਗਿਆ। ਸ੍ਰੀ ਹਰੀਸ਼ ਅਰੋੜਾ ਵੱਲੋਂ ਬਾਖੂਬੀ ਮੰਚ ਸੰਚਾਲਨ ਕਰਦਿਆਂ ਦੱਸਿਆ ਕਿ ਮੌਲਵੀ ਸਾਹਿਬ ਦੀ ਦਰਗਾਹ ਤੇ ਹਰ ਸਾਲ ਮੇਲੇ ਅਤੇ ਭੰਡਾਰੇ ਲੱਗਦੇ ਹਨ। ਇਲਾਕਾ ਨਿਵਾਸੀ ਸ਼ਰਧਾਲੂ ਇਸ ਪਵਿੱਤਰ ਅਸਥਾਨ ਤੇ ਨਤਮਸਤਕ ਹੁੰਦੇ ਹਨ। ਇਸ ਉਪਰੰਤ ਪ੍ਰਸਿੱਧ ਕਵਾਲ ਇਮਤਿਆਜ ਅਲੀ ਵੱਲੋਂ ਮੁਹੰਮਦ ਸਾਹਿਬ ਜੀ ਦੇ ਲਈ ਕਵਾਲੀਆਂ ਦੀ ਸ਼ੁਰੂਆਤ ਕੀਤੀ ਗਈ ਅਤੇ ਕਵਾਲੀਆਂ ਨਾਲ ਹਾਜ਼ਰੀਨ ਨੂੰ ਝੂੰਮਣ ਲਗਾ ਦਿੱਤਾ ਗਿਆ। ਇਸ ਉਪਰੰਤ ਫਿਲਮੀ ਪਲੇਅਬੈਕ ਸਿੰਗਰ ਕਮਲ ਖਾਂ ਮੌਲਾ ਅਲੀ ਦੀ ਕਵਾਲੀ ਜੋ ਅਲੀ ਅਲੀ ਕਹਿਣਗੇ ਅਤੇ ਦੇਰ ਰਾਤ ਤੱਕ ਮੌਲਵੀ ਸਾਹਿਬ ਦਾ ਗੁਣਗਾਨ ਕੀਤਾ ਗਿਆ। ਸਾਂਈ ਸਲੀਮ ਸ਼ਾਹ ਚਿਸਤੀ ਨੇ ਦੱਸਿਆ ਕਿ ਇਸ ਤਿੰਨ ਦਿਨ ਉਰਸ ਦੌਰਾਨ ਚਾਦਰ ਦੀ ਰਸਮ, ਕਵਾਲੀਆਂ ਅਤੇ 24 ਜੁਲਾਈ ਨੂੰ ਮਹਾਂਮਾਈ ਦਾ ਵਿਸ਼ਾਲ ਜਾਗਰਣ ਵੀ ਕਰਵਾਇਆ ਜਾਵੇਗਾ। ਇਸ ਮੌਕੇ ਤੇ ਸ਼ਹਿਰ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ।

# ਸੰਗਰੂਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਵੱਲੋਂ ਵਣ-ਮਹਾਂਉਤਸਵ, ਸੱਭਿਆਚਾਰਕ ਅਤੇ ਸਨਮਾਨ ਸਮਾਰੋਹ 26 ਜੁਲਾਈ



**ਸੰਗਰੂਰ, 23 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਵੱਖ-ਵੱਖ ਸਰਕਾਰੀ, ਅਰਧ ਸਰਕਾਰੀ ਵਿਭਾਗਾਂ, ਜੁਡੀਸਰੀ ਅਤੇ ਬੈਂਕਾਂ ਵਿੱਚੋਂ ਸੇਵਾ ਮੁੱਕਤ ਹੋਏ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਸਮਾਜ ਸੇਵੀ ਸੰਸਥਾ ਸੰਗਰੂਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਜੋ ਕਿ ਸਮਾਜ ਸੇਵਾ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਸਮਰਪਿਤ ਹੈ ਦੇ ਪ੍ਰਧਾਨ ਅਤੇ ਸੁਬਾਈ ਪੈਨਸ਼ਨਰ ਆਗੂ ਸ੍ਰੀ ਰਾਜ ਕੁਮਾਰ ਅਰੋੜਾ ਨੇ ਅੱਜ ਇੱਥੇ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਸਮੇਂ-ਸਮੇਂ ਤੇ ਬਜੁਰਗਾਂ ਦੀ ਭਲਾਈ ਲਈ ਕੰਮ ਕੀਤੇ ਜਾਂਦੇ ਹਨ , ਸਮੇਂ ਸਮੇਂ ਤੇ ਬਜ਼ੁਰਗਾਂ ਦੀ ਨਰੋਈ ਸਿਹਤ ਲਈ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਵੀ ਲਗਾਏ ਜਾਂਦੇ ਹਨ ਅਤੇ ਲੋੜਵੰਦਾਂ ਦੀ ਸਹਾਇਤਾ ਕੀਤੀ ਜਾਂਦੀ ਹੈ। ਹਰ ਸਾਲ ਵਣ-ਮਹਾਂਉਤਸਵ ਮਨਾ ਕੇ ਵਾਤਾਵਰਣ ਦੀ ਸ਼ੁੱਧਤਾ ਲਈ ਰੁੱਖ ਲਗਾਏ ਜਾਂਦੇ ਹਨ ਅਤੇ ਤੁਲਸੀ ਦੇ ਬੂਟੇ ਵੰਡੇ ਜਾਂਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਵਣ-ਮਹਾਂਉਤਸਵ ਸੱਭਿਆਚਾਰਕ, ਸਨਮਾਨ ਸਮਾਰੋਹ 26 ਜੁਲਾਈ ਦਿਨ ਸ਼ਨੀਚਰਵਾਰ ਨੂੰ ਸਵੇਰੇ 10:30 ਵਜੇ ਸਥਾਨਕ ਜਿਲ੍ਹਾ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਵਿਖੇ ਸਮਾਗਮ ਕਰਵਾਇਆ ਜਾਵੇਗਾ। ਜਿਸ ਦੇ ਮੁੱਖ ਮਹਿਮਾਨ ਸ੍ਰ. ਸੁਖਦੇਵ ਸਿੰਘ ਡੀ.ਐਸ.ਪੀ. ਸੰਗਰੂਰ ਹੋਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਜੁਲਾਈ ਮਹੀਨੇ ਦੌਰਾਨ ਜਿਨਾਂ ਮੈਂਬਰ ਸਾਹਿਬਾਨ ਦੇ ਜਨਮ ਦਿਨ ਆਉਂਦੇ ਹਨ ਮਨਾਏ ਜਾਣਗੇ ਵਣ ਮਹਾ ਉਤਸਵ ਮਨਾਇਆ ਜਾਵੇਗਾ, ਤੁਲਸੀ ਦੇ ਬੂਟੇ ਵੰਡੇ ਜਾਣਗੇ ਅਤੇ ਖੀਰ ਪੂੜੇ ਦਾ ਲੰਗਰ ਵੀ ਲਗਾਇਆ ਜਾਵੇਗਾ । ਇਸ ਮੌਕੇ ਤੇ ਚੇਅਰਮੈਨ ਸ੍ਰੀ ਰਵਿੰਦਰ ਗੁੱਡੂ, ਵਾਇਸ ਚੇਅਰਮੈਨ ਲਾਲ ਚੰਦ ਸੈਣੀ, ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਖ਼ਾਲਸਾ, ਕਰਨੈਲ ਸਿੰਘ ਸੇਖੋਂ, ਓਮ ਪ੍ਰਕਾਸ਼ ਖਿੱਪਲ, ਕਿਸ਼ੋਰੀ ਲਾਲ, ਡਾ:ਮਨਮੋਹਨ ਸਿੰਘ, ਰਜਿੰਦਰ ਸਿੰਘ ਚੰਗਾਲ, ਰਜਿੰਦਰ ਗੋਇਲ , ਜਨਰਲ ਸਕੱਤਰ ਕੰਵਲਜੀਤ ਸਿੰਘ, ਵਿੱਤ ਸਕੱਤਰ ਸੁਰਿੰਦਰ ਸਿੰਘ ਸੋਢੀ, ਸਕੱਤਰ ਜਨਰਲ ਤਿਲਕ ਰਾਜ ਸਤੀਜਾ, ਅਸੋਕ ਡੱਲਾ, ਮਹੇਸ਼ ਜੋਹਰ, ਪਰਮਜੀਤ ਸਿੰਘ ਟਿਵਾਣਾ, ਜਵਾਹਰ ਲਾਲ ਸ਼ਰਮਾ, ਜਨਕ ਰਾਜ ਜੋਸ਼ੀ, ਬਲਦੇਵ ਸਿੰਘ ਰਤਨ ਤੋਂ ਇਲਾਵਾ ਅਸੋਕ ਡੱਲਾ, ਜਗਦੀਸ਼ ਸਿੰਘ ਵਾਲੀਆ ਅਤੇ ਜਨਕ ਰਾਜ ਜੋਸ਼ੀ ਮੌਜੂਦ ਸਨ।

# ਬਾਬਾ ਸਤਨਾਮ ਸਿੰਘ ਵੱਲੀਆਂ ਜੀ ਜੀ ਦੀ ਧਰਮ ਸੁਪਤਨੀ ਬੀਬੀ ਸੁਰਿੰਦਰ ਕੌਰ ਵੱਲੀਆਂ ਦੀ ਪੰਜਵੀਂ ਬਰਸੀ ਗੁਰਦੁਆਰਾ ਪਰਉਪਕਾਰੀ 'ਚ ਸ਼ਰਧਾ ਨਾਲ ਮਨਾਈ



**ਵੱਲੀਆਂ, 24 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ਪਿਛਲੇ ਦਿਨੀਂ ਇੰਟਰਨੈਸ਼ਨਲ ਪੰਥਕ ਦਲ ਦੇ ਪੰਜਾਬ ਪ੍ਰਧਾਨ ਧਾਰਮਿਕ ਵਿੰਗ ਬਾਬਾ ਸਤਨਾਮ ਸਿੰਘ ਵੱਲੀਆਂ ਜੀ ਜੀ ਦੀ ਧਰਮ ਸੁਪਤਨੀ ਬੀਬੀ ਸੁਰਿੰਦਰ ਕੌਰ ਵੱਲੀਆਂ ਦੀ ਪੰਜਵੀਂ ਬਰਸੀ ਗੁਰਦੁਆਰਾ ਪਰਉਪਕਾਰੀ ਭਾਈ ਲੱਧਾ ਸਾਹਿਬ ਜੀ ਪਿੰਡ ਵੱਲੀਆਂ ਵਿਖੇ ਵਿਖੇ ਬੜੀ ਸ਼ਰਧਾ ਭਾਵਨਾ ਦੇ ਨਾਲ ਮਨਾਈ ਗਈ ਇਸ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਉਪਰੰਤ ਇਲਾਹੀ ਬਾਣੀ ਦਾ ਕੀਰਤਨ ਹੋਇਆ ਅਤੇ ਗੁਰੂ ਘਰ ਦੇ ਕਥਾ ਵਾਚਕ, ਪੰਥ ਪ੍ਰਚਾਰਕ, ਰਾਗੀ ਸਿੰਘਾਂ, ਢਾਡੀ ਸਿੰਘਾਂ ਅਤੇ ਕਥਾਵਾਚਕਾਂ ਨੇ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਬੀਬੀ ਸੁਰਿੰਦਰ ਕੌਰ ਵੱਲੀਆਂ ਦੇ ਜੀਵਨ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਬੀ ਸੁਰਿੰਦਰ ਕੌਰ ਵੱਲੀਆਂ ਬਾਣੀ ਅਤੇ ਬਾਣੇ ਦੇ ਧਾਰਨੀ ਸੇਵਾ ਦੇ ਪੁੰਜ ਅਤੇ ਇੱਕ ਗੁਰਮੁਖ ਰੂਹ ਸਨ ਜਿਨ੍ਹਾਂ ਨੇ ਆਪਣੇ ਜੀਵਨ ਦੇ ਆਖ਼ਰੀ ਸੁਆਸਾਂ ਤੱਕ ਗੁਰਦੁਆਰਾ ਪ੍ਰਉਪਕਾਰੀ ਭਾਈ ਲੱਧਾ ਸਾਹਿਬ ਜੀ ਪਿੰਡ ਵੱਲੀਆਂ ਵਿਖੇ ਨਿਸ਼ਕਾਮ ਸੇਵਾ ਨਿਭਾਈ। ਇਸ ਮੌਕੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵੀ ਉਚੇਚੇ ਤੌਰ ਤੇ ਹਾਜ਼ਰੀ ਭਰੀ ਜਿਨ੍ਹਾਂ ਵਿੱਚ ਇੰਟਰਨੈਸ਼ਨਲ ਪੰਥਕ ਦਲ ਦੇ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਜੋਗਿੰਦਰ ਸਿੰਘ ਜਿਲਾ ਪ੍ਰਧਾਨ ਫਿਰੋਜ਼ਪੁਰ ਭਾਈ ਪਿੱਪਲ ਸਿੰਘ ਸਦਰਦੀਨ ਵਾਲਾ , ਜ਼ਿਲ੍ਹਾ ਪ੍ਰਧਾਨ ਧਾਰਮਿਕ ਵਿੰਗ ਭਾਈ ਮਲਕੀਤ ਸਿੰਘ ਸ਼ਾਮ ਸਿੰਘ ਵਾਲਾ, ਬਲਾਕ ਪ੍ਰਧਾਨ ਮਮਦੋਟ ਭਾਈ ਬਲਵਿੰਦਰ ਸਿੰਘ ਸਦਰਦੀਨ ਵਾਲਾ, ਬਲਾਕ ਪ੍ਰਧਾਨ ਗੁਰੂ ਹਰਸਹਾਇ ਭਾਈ ਕੁਲਦੀਪ ਸਿੰਘ ਜਾਮਾ ਰਖਈਆ, ਕਿਸਾਨ ਬਚਾਓ ਮੋਰਚਾ ਦੇ ਪੰਜਾਬ ਦੇ ਸੈਕਟਰੀ ਡਾਕਟਰ ਗੋਮਾ ਸਿੰਘ ਕਿਸਾਨ ਬਚਾਓ ਮੋਰਚਾ ਦੇ ਸੀਨੀਅਰ ਮੀਤ ਪ੍ਰਧਾਨ ਪ੍ਰਧਾਨ ਪੰਜਾਬ ਗੁਰਨਾਮ ਸਿੰਘ ਮਾਹਾਲਮ, ਏਕ ਨੂਰ ਖਾਲਸਾ ਫੌਜ ਦੇ ਜਿਲਾ ਪ੍ਰਧਾਨ ਭਾਈ ਲਖਬੀਰ ਸਿੰਘ ਨੰਬਰਦਾਰ ,ਪੰਥ ਪ੍ਰਚਾਰਕ ਭਾਈ ਬਲਵਿੰਦਰ ਸਿੰਘ ਖਾਲਸਾ, ਸੂਬਾ ਸਿੰਘ ਸਰਪੰਚ, ਗੁਰਸੇਵਕ ਸਿੰਘ ਸ਼ਾਮ ਸਿੰਘ ਵਾਲਾ, ਭਾਈ ਇੰਦਰਜੀਤ ਸਿੰਘ, ਇੰਟਰਨੈਸ਼ਨਲ ਪੰਥਕ ਦਲ ਦੇ ਫਿਰੋਜ਼ਪੁਰ ਦੇ ਸ਼ਹਿਰੀ ਪ੍ਰਧਾਨ ਬੇਅੰਤ ਸਿੰਘ ਐਮ ਸੀ। ਇਸੇ ਤਰ੍ਹਾਂ ਭਾਈ ਲਵਪ੍ਰੀਤ ਸਿੰਘ ਜੀ ਸ਼ਾਮ ਸਿੰਘ ਵਾਲਾ ਆਦਿ ਸ਼ਾਮਿਲ ਹੋਏ ਇਸ ਮੌਕੇ ਗੁਰੂ ਕਾ ਲੰਗਰ ਅਤੇ ਖੀਰ ਪੂੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਅਖੀਰ ਵਿੱਚ ਬਾਬਾ ਸਤਨਾਮ ਸਿੰਘ ਵੱਲੀਆਂ ਜੀ ਨੇ ਦੱਸਿਆ ਕਿ ਬੀਬੀ ਸੁਰਿੰਦਰ ਕੌਰ ਵੱਲੀਆਂ ਦੀ ਪੰਜਵੀਂ ਬਰਸੀ ਮੌਕੇ ਸਮਾਗਮ ਦਾ ਸਾਰਾ ਪ੍ਰਬੰਧ ਪਿੰਡ ਕੰਧਾਵਾਲੀ ਦੇ ਸਰਪੰਚ ਜਗਸੀਰ ਸਿੰਘ ਅਤੇ ਸਮੂਹ ਪੰਚਾਇਤ ਵੱਲੋਂ ਨਗਰ ਦੇ ਸਹਿਯੋਗ ਨਾਲ ਕੀਤਾ ਗਿਆ। ਸਾਊਂਡ ਦੀ ਨਿਸ਼ਕਾਮ ਸੇਵਾ ਫੁੰਮਣ ਸਿੰਘ ਵੱਲੋਂ ਕੀਤੀ ਗਈ।

ਆਵਾਜ਼ਿ ਕੌਮ AWAZE QAUM International Newspaper & WEB TV

# ਵਾਰਡ ਨਾਲ ਸਬੰਧਤ ਮੁਸ਼ਕਲਾਂ, ਸਮਸਿਆਵਾਂ ਸਬੰਧੀ ਵਫਦ ਸਮਾਜ ਸੇਵੀ ਹਰਪ੍ਰੀਤ ਸਿੰਘ ਪ੍ਰਿੰਸ ਦੀ ਅਗਵਾਈ 'ਚ ਈਓ ਚਰਨਜੀਤ ਸਿੰਘ ਨੂੰ ਮਿਲਿਆ

**ਖੰਨਾ, 24 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਵਾਰਡ ਨੰਬਰ 21 ਦੇ ਵਸਨੀਕਾਂ ਦਾ ਇੱਕ ਵਫਦ ਵਾਰਡ ਨਾਲ ਸਬੰਧਤ ਮੁਸ਼ਕਲਾਂ, ਸਮਸਿਆਵਾਂ ਸਬੰਧੀ ਸਮਾਜ ਸੇਵੀ ਅਤੇ 'ਵਾਇਸ ਆਫ਼ ਖੰਨਾ ਸਿਟੀਜ਼ਨਜ਼' ਦੇ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਦੀ ਅਗਵਾਈ 'ਚ ਨਗਰ ਕੌਂਸਲ ਖੰਨਾ ਦੇ ਕਾਰਜ ਸਾਧਕ ਅਫਸਰ ਚਰਨਜੀਤ ਸਿੰਘ ਨੂੰ ਮਿਲਿਆ। ਇਸ ਮੌਕੇ ਪ੍ਰਿੰਸ ਨੇ ਵਾਰਡ ਦੀ ਮਾੜੇ ਹਾਲਾਤਾਂ ਵਾਲੀ ਬਦਰੀ ਪ੍ਰਸ਼ਾਦ ਵਾਲੀ ਗਲੀ, ਦੇਬੋ ਵਾਲੀ ਗਲੀ ਆਦਿ ਤੇ ਬਦਰੀ ਪ੍ਰਸ਼ਾਦ ਵਾਲੀ ਗਲੀ ਦੇ ਮੋੜ ਤੇ ਪੁੱਟਕੇ ਖੁੱਲੇ ਛੱਡੇ ਵੱਡੇ ਟੋਏ ਦੇ ਮਾੜੇ ਹਾਲਾਤਾਂ ਤੋਂ ਈਓ ਨੂੰ ਜਾਣੂ ਕਰਵਾਇਆ। ਉਹਨਾਂ ਕਿਹਾ ਕਿ ਉਪਰੋਕਤ ਗਲੀਆਂ ਦਾ ਜਾਂ ਤੁਰੰਤ ਨਿਰਮਾਣ ਕਰਵਾਇਆ ਜਾਵੇ ਨਹੀਂ ਤਾਂ ਵਧੀਆ ਢੰਗ ਨਾਲ ਮੁਰੰਮਤ ਕਰਵਾਈ ਜਾਵੇ ਤਾਂ ਕਿ ਗਲੀ ਵਿੱਚ ਰਹਿਣ ਵਾਲੇ ਵਸਨੀਕਾਂ ਜਾਂ ਗਲੀ ਵਿਚੋਂ ਲੰਘਣ ਵਾਲੇ ਰਾਹਗੀਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਪ੍ਰਿੰਸ ਨੇ ਪਾਣੀ ਸੀਵਰੇਜ ਦੀ ਸਮੱਸਿਆ ਨੂੰ ਲੈ ਕੇ ਬਦਰੀ ਪ੍ਰਸ਼ਾਦ ਵਾਲੀ ਗਲੀ ਦੇ ਮੋੜ 'ਤੇ ਪੁੱਟ ਕੇ ਖੁੱਲੇ ਛੱਡੇ ਟੋਏ ਨੂੰ ਤੁਰੰਤ ਬੰਦ ਕਰਵਾਉਣ ਦੀ ਵੀ ਅਪੀਲ ਕੀਤੀ ਤਾਂ ਕਿ ਉਕਤ ਟੋਏ ਵਿੱਚ ਡਿੱਗਕੇ ਕਿਸੇ ਦਾ ਕੋਈ ਜਾਨੀ ਮਾਲੀ ਨੁਕਸਾਨ ਨਾ ਹੋਵੇ। ਉਹਨਾਂ ਨੇ ਮਾਤਾ ਰਾਣੀ ਪਾਰਕ ਦੀ ਦਿੱਖ ਸਧਾਰਨ ਲਈ ਅਤੇ ਵਾਰਡ ਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਦਾ ਤੁਰੰਤ ਹੱਲ ਕਰਨ ਦੀ ਵੀ ਅਪੀਲ ਕੀਤੀ। ਸਬੰਧਤ ਮੁਸ਼ਕਲਾਂ ਤੇ ਸਮਸਿਆਵਾਂ ਦੇ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ। ਦੂਸਰੇ ਪਾਸੇ ਮਾਤਾ ਰਾਣੀ ਪਾਰਕ 'ਚ ਗੰਦਗੀ ਅਤੇ ਬਦਬੂ ਦਾ ਪਸਾਰਾ ਕਰਨ ਵਾਲੀ ਲਾਵਾਰਸ ਟੋਇਲਟਸ ਨੂੰ ਹਰਪ੍ਰੀਤ ਸਿੰਘ ਪ੍ਰਿੰਸ ਦੀ ਪਹਿਲ ਕਦਮੀ ਅਤੇ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਚਰਨਜੀਤ ਸਿੰਘ ਦੀ ਹਦਾਇਤਾਂ ਉੱਤੇ ਪਾਰਕ 'ਚੋਂ ਚੁਕਵਾਇਆ ਗਿਆ, ਜਿਸ ਤੋਂ ਬਾਅਦ ਪਾਰਕ 'ਚ ਸੈਰ ਕਰਨ ਵਾਲੇ ਲੋਕਾਂ ਅਤੇ ਵਾਰਡ ਵਾਸੀਆਂ ,ਚ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ਜੇਈ ਸੰਦੀਪ ਸਿੰਘ, ਸੁਪਰਡੈਂਟ ਅਮਰਪਾਲ ਸਿੰਘ ਵਾਲੀਆ, ਵਰਡ ਵਾਸੀ ਪ੍ਰਦੀਪ ਗੋਇਲ, ਅਮਨ ਜਾਲੂ, ਬੌਬੀ, ਗਗਨ ਨਾਰੰਗ, ਕਮਲ ਵਰਮਾ, ਸੰਜੇ ਕੁਮਾਰ ਗੁਰੂ, ਮਾਸਟਰ ਸਤੀਸ਼ ਕੁਮਾਰ, ਬਿੱਟੂ ਆਦਿ ਮੌਜੂਦ ਸਨ।

# ਲਿਵਾਸਾ ਹਸਪਤਾਲ, ਹੁਸ਼ਿਆਰਪੁਰ ਨੇ 40 ਨਵੇਂ ਆਈਸੀਯੂ ਬਿਸਤਰਿਆਂ ਦਾ ਉਦਘਾਟਨ ਕੀਤਾ

## ਇਲਾਕੇ ਦੇ ਵਸਨੀਕਾਂ ਲਈ ਸਿਹਤ ਸੰਭਾਲ ਸੇਵਾਵਾਂ ਵਿੱਚ ਇੱਕ ਨਵੀਂ ਕ੍ਰਾਂਤੀ

**ਹੁਸ਼ਿਆਰਪੁਰ, 24 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਹੁਸ਼ਿਆਰਪੁਰ ਦੇ ਇੱਕ ਮੋਹਰੀ ਮਲਟੀ-ਸਪੈਸ਼ਿਲਟੀ ਹਸਪਤਾਲ, ਲੀਵਾਸਾ ਹਸਪਤਾਲ ਨੇ ਅੱਜ 40 ਨਵੇਂ ਆਈਸੀਯੂ (ਇੰਟੈਂਸਿਵ ਕੇਅਰ ਯੂਨਿਟ) ਬਿਸਤਰਿਆਂ ਦਾ ਉਦਘਾਟਨ ਕੀਤਾ। ਪਹਿਲਾਂ, ਹਸਪਤਾਲ ਵਿੱਚ 60 ਆਈਸੀਯੂ ਬਿਸਤਰਿਆਂ ਦੀ ਸਹੂਲਤ ਸੀ, ਜੋ ਹੁਣ ਵਧ ਕੇ 100 ਹੋ ਗਈ ਹੈ। ਇਸ ਵਿਸਥਾਰ ਨਾਲ, ਲਿਵਾਸਾ ਹਸਪਤਾਲ ਦੀ ਕੁੱਲ ਬਿਸਤਰਿਆਂ ਦੀ ਸਮਰੱਥਾ ਹੁਣ 150 ਹੋ ਗਈ ਹੈ। ਇਹ ਪ੍ਰਾਪਤੀ ਹਸਪਤਾਲ ਦੇ ਨਿਰੰਤਰ ਵਿਕਾਸ ਅਤੇ ਮਰੀਜ਼ਾਂ ਨੂੰ ਬਿਹਤਰ ਅਤੇ ਪਹੁੰਚਯੋਗ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਦਘਾਟਨ ਸਮਾਰੋਹ ਵਿੱਚ ਹਸਪਤਾਲ ਦੇ ਸਾਰੇ ਸੀਨੀਅਰ ਡਾਕਟਰ, ਮੈਡੀਕਲ ਸਟਾਫ, ਪ੍ਰਸ਼ਾਸਨਿਕ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ। ਪ੍ਰੋਗਰਾਮ ਦੀਵੇ ਜਗਾ ਕੇ ਸ਼ੁਰੂ ਹੋਇਆ। ਇਸ ਮੌਕੇ 'ਤੇ, ਸ਼੍ਰੀ ਅਭਿਨਵ ਸ਼੍ਰੀਵਾਸਤਵ, ਵਾਈਸ ਪ੍ਰੈਜ਼ੀਡੈਂਟ, ਲਿਵਾਸਾ ਹਸਪਤਾਲ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਕਿਹਾ ਕਿ ਸਾਡਾ ਸੰਕਲਪ ਹੁਸ਼ਿਆਰਪੁਰ ਅਤੇ ਨੇੜਲੇ ਇਲਾਕਿਆਂ ਦੇ ਲੋਕਾਂ ਨੂੰ ਉਨ੍ਹਾਂ ਦੇ ਆਪਣੇ ਸ਼ਹਿਰ ਵਿੱਚ ਮੈਟਰੋ ਵਰਗੀਆਂ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨਾ ਹੈ। ਆਈਸੀਯੂ ਸਹੂਲਤਾਂ ਦੇ ਵਿਸਥਾਰ ਅਤੇ ਟਰੌਮਾ ਕੇਅਰ ਨੂੰ ਮਜ਼ਬੂਤ ਕਰਨ ਨਾਲ, ਮਰੀਜ਼ਾਂ ਨੂੰ ਹੁਣ ਗੰਭੀਰ ਹਾਲਤਾਂ ਵਿੱਚ ਵੀ ਤੁਰੰਤ ਇਲਾਜ ਮਿਲੇਗਾ।